ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਮੰਗਲਵਾਰ, 29 ਮਾਰਚ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖ਼ਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 387 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

# 19 ਲੋਕਾਂ ਦੀ ਮੌਤ

## ਮੈਕਸੀਕੋ ਵਿੱਚ ਹੋਈ ਗੋਲੀਬਾਰੀ





**ਮੈਕਸੀਕੋ/ਲੋਕ ਬਾਣੀ:-** ਮੱਧ ਮੈਕਸੀਕੋ ਵਿਚ 19 ਲੋਕਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਇਸ ਗੱਲ ਦੀ ਜਾਣਕਾਰੀ ਸਟੇਟ ਅਟਾਰਨੀ ਜਨਰਲ ਦਫ਼ਤਰ (ਐੱਫ.ਜੀ.ਈ.) ਨੇ ਸੋਮਵਾਰ ਨੂੰ ਇਕ ਬਿਆਨ ਵਿਚ ਦਿੱਤੀ। ਬਿਆਨ 'ਚ ਕਿਹਾ ਗਿਆ ਹੈ ਕਿ ਐਤਵਾਰ ਰਾਤ ਕਰੀਬ 10:30 ਵਜੇ (ਸਥਾਨਕ ਸਮੇਂ ਮੁਤਾਬਕ) ਸਰਕਾਰੀ ਵਕੀਲ ਦੇ ਦਫ਼ਤਰ ਨੂੰ ਮਿਕੋਆਕਨ ਰਾਜ ਦੇ ਲਾਸ ਤਿਨਾਜਾਸ ਸ਼ਹਿਰ 'ਚ ਇਕ ਤਿਉਹਾਰ ਦੇ ਆਯੋਜਨ ਵਿਚ ਫਾਈਰਿੰਗ ਦੀ ਸੂਚਨਾ ਦਿੱਤੀ ਗਈ। ਐੱਫ.ਜੀ.ਈ. ਨੇ ਕਿਹਾ, ਕ੍ਰਾਈਮ ਸੀਨ ਅਤੇ ਐਕਸਪਰਟ ਸਰਵਿਸਿਜ਼ ਯੂਨਿਟ ਦੇ ਕਰਮਚਾਰੀ ਤੁਰੰਤ ਘਟਨਾ ਸਥਾਨ 'ਤੇ ਪਹੁੰਚੇ ਅਤੇ ਉਨ੍ਹਾਂ ਨੇ 19 ਲਾਸ਼ਾਂ ਬਰਾਮਦ ਕੀਤੀਆਂ, ਜਿਨ੍ਹਾਂ ਦੇ ਸਰੀਰ 'ਤੇ ਗੋਲੀਆਂ ਦੇ ਨਿਸ਼ਾਨ ਸਨ। ਮਰਨ ਵਾਲਿਆਂ ਵਿਚ 16 ਪੁਰਸ਼ ਅਤੇ 3 ਔਰਤਾਂ ਹਨ।ਹਮਲੇ ਵਿਚ ਜ਼ਖ਼ਮੀ ਹੋਏ ਕਈ ਹੋਰਾਂ ਨੂੰ ਹਸਪਤਾਲ ਲਿਜਾਇਆ ਗਿਆ। ਬਿਆਨ ਮੁਤਾਬਕ ਗੋਲੀ ਚੱਲਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।




ਮੁੰਬਈ ਦੇ ਮਸ਼ਹੂਰ ਮਰਾਠੀ ਨਿਊਜ਼ ਚੈਨਲ ਦੇ ਮਾਲਕ ਨਾਮਦੇਵ ਸ਼ੈਲੰਦਰ ਨੇ ਅਮਨ ਮਹਿਰਾ ਨੂੰ ਆਪਣੇ ਚੈਨਲ ਦੇ ਦਫਤਰ ਵਿੱਚ ਬੁਲਾ ਕੇ ਸੰਨਮਾਨ ਚਿੰਨ੍ਹ ਭੇਟ ਕੀਤਾ।

## ਦੇਸ਼ ਵਿੱਚ ਟਰੇਡ ਯੂਨੀਅਨ ਦੀ ਹੜਤਾਲ ਦਾ ਪਿਆ ਕਾਫੀ ਪ੍ਰਭਾਵ





**ਨਵੀਂ ਦਿੱਲੀ/ਲੋਕ ਬਾਣੀ:-** ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਦਿੱਤੇ ਦੋ ਰੋਜ਼ਾ ਦੇਸ਼ਵਿਆਪੀ ਹੜਤਾਲ ਦੇ ਸੱਦੇ ਦਾ ਅਸਰ ਅੱਜ ਬੈਂਕਿੰਗ ਸੇਵਾਵਾਂ 'ਤੇ ਵੀ ਨਜ਼ਰ ਆਇਆ। ਹੜਤਾਲ ਕਰਕੇ ਬੈਂਕ ਮੁਲਾਜ਼ਮਾਂ ਦਾ ਇਕ ਵਰਗ ਕੰਮ 'ਤੇ ਨਹੀਂ ਪੁੱਜਾ, ਹਾਲਾਂਕਿ ਪ੍ਰਾਈਵੇਟ ਸੈਕਟਰ ਦੇ ਬੈਂਕ ਆਮ ਵਾਂਗ ਖੁੱਲ੍ਹੇ ਰਹੇ। ਹੜਤਾਲ ਕਰਕੇ ਕਈ ਸਰਕਾਰੀ ਬੈਂਕਾਂ ਵਿੱਚ ਲੈਣ ਦੇਣ ਅਸਰਅੰਦਾਜ਼ ਹੋਇਆ। ਚੈੱਕਾਂ ਦੀ ਕਲੀਅਰੈਂਸ ਰੁਕ ਗਈ। ਆਲ ਇੰਡੀਆ ਬੈਂਕ ਇੰਪਲਾਈਜ਼ ਦੇ ਜਨਰਲ ਸਕੱਤਰ ਸੀ.ਐੱਚ.ਵੈਂਕਟਾਚਾਲਮ ਨੇ ਕਿਹਾ ਕਿ ਪੂਰਬੀ ਭਾਰਤ ਵਿੱਚ ਹੜਤਾਲ ਦਾ ਖਾਸਾ ਅਸਰ ਨਜ਼ਰ ਆਇਆ ਜਿੱਥੇ ਸਰਕਾਰੀ ਬੈਂਕਾਂ ਦੀਆਂ ਕਈ ਸ਼ਾਖਾਵਾਂ ਬੰਦ ਰਹੀਆਂ। ਕੇਂਦਰੀ ਬਜਟ ਵਿੱਚ ਦੋ ਸਰਕਾਰੀ ਬੈਂਕਾਂ ਦੇ ਨਿੱਜੀਕਰਨ ਦੇ ਕੀਤੇ ਐਲਾਨ ਦਾ ਬੈਂਕ ਯੂਨੀਅਨਾਂ ਵੱਲੋਂ ਵਿਰੋਧ ਕੀਤਾ ਜਾ ਰਿਹੈ।

## ਜਬਰਦਸਤ ਸੜਕ ਹਾਦਸਾ ਵਾਪਰੀਆਂ ਜੰਮੂ ਕਸ਼ਮੀਰ ਵਿੱਚ ਕਈ ਜਖਮੀ

**ਸ੍ਰੀਨਗਰ/ਲੋਕ ਬਾਣੀ:-** ਜੰਮੂ-ਕਸ਼ਮੀਰ ਦੇ ਨੌਸ਼ਹਿਰਾ @ਚ ਇਕ ਬੱਸ ਹਾਦਸਾ ਵਾਪਰਿਆ . ਬੱਸ ਰਾਜੌਰੀ-ਨੌਸ਼ਹਿਰਾ ਰੂਟ @ਤੇ ਸੀ। ਜ਼ਿਕਰਯੋਗ ਹੈ ਕਿ 56 ਜ਼ਖ਼ਮੀ ਮਰੀਜ਼ ਮਿਲੇ ਹਨ, ਜਿਨ੍ਹਾਂ ਵਿਚੋਂ ਇਕ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਚਾਰ ਗੰਭੀਰ ਜ਼ਖ਼ਮੀ ਮਰੀਜ਼ਾਂ ਨੂੰ ਜੀ.ਐਮ.ਸੀ. ਹਸਪਤਾਲ, ਜੰਮੂ ਰੈਫ਼ਰ ਕੀਤਾ ਗਿਆ ।



## ਲਗਾਤਾਰ ਵਧ ਰਹੇ ਤੇਲ ਦੇ ਰੇਟਾਂ ਕਾਰਨ ਲੋਕਾਂ ਵਿੱਚ ਰੋਸ



**ਚੰਡੀਗੜ੍ਹ/ਵਿਨੋਦ ਸ਼ਰਮਾ**

ਪੈਟਰੋਲ ਦਾ ਭਾਅ ਅੱਜ 30 ਪੈਸੇ ਤੇ ਡੀਜ਼ਲ 35 ਪੈਸੇ ਪ੍ਰਤੀ ਲਿਟਰ ਵਧ ਗਿਆ ਹੈ। ਪਿਛਲੇ ਇਕ ਹਫ਼ਤੇ ਦੌਰਾਨ ਤੇਲ ਕੀਮਤਾਂ ਵਿੱਚ ਇਹ ਛੇਵਾਂ ਵਾਧਾ ਹੈ ਤੇ ਹੁਣ ਤੱਕ 4 ਤੋਂ 4.10 ਰੁਪਏ ਪ੍ਰਤੀ ਲਿਟਰ ਕੀਮਤਾਂ ਵਧ ਚੁੱਕੀਆਂ ਹਨ। ਇਸ ਤੋਂ ਪਹਿਲਾਂ ਪੰਜ ਰਾਜਾਂ ਦੀਆਂ ਅਸੈਂਬਲੀ ਚੋਣਾਂ ਕਰਕੇ ਤੇਲ ਕੀਮਤਾਂ ਵਿੱਚ ਵਾਧੇ ਦਾ ਅਮਲ ਰੁਕਿਆ ਰਿਹਾ ਸੀ।

## ਕਾਂਗਰਸ ਨੇ ਮਹਿੰਗਾਈ ਦੇ ਮੁੱਦੇ ਤੇ ਕੇਂਦਰ ਨੂੰ ਘੇਰਿਆ

**ਦਿੱਲੀ/ਕਪੂਰ**

ਰਾਜ ਸਭਾ ਵਿੱਚ ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਧਿਰ ਨੇ ਪੈਟਰੋਲ ਅਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਕਾਰਨ ਅਸਮਾਨ ਛੂਹ ਰਹੀ ਮਹਿੰਗਾਈ ਦੇ ਮੁੱਦੇ 'ਤੇ ਅੱਜ ਕੇਂਦਰ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਅੱਜ ਦੇਸ਼ ਦਾ ਹੀ ਨਹੀਂ, ਸਗੋਂ ਹਰ ਘਰ ਦਾ ਬਜਟ ਹਿੱਲਿਆ ਹੋਇਆ ਹੈ। ਉਪਰਲੇ ਸਦਨ ਵਿੱਚ ਵਿੱਤੀ ਬਿੱਲ 'ਤੇ ਚਰਚਾ ਵਿੱਚ ਹਿੱਸਾ ਲੈਂਦਿਆਂ ਕਾਂਗਰਸ ਦੇ ਸ਼ਕਤੀ ਸਿੰਘ ਗੋਹਿਲ ਨੇ ਕਿਹਾ ਕਿ ਦੇਸ਼ ਦਾ ਬਜਟ ਹੀ ਨਹੀਂ, ਹਰ ਘਰ ਦਾ ਬਜਟ ਵਿਗੜ ਗਿਆ ਹੈ । ਇਸ ਕਾਰਨ ਲੋਕਾਂ ਨੂੰ ਕਾਫੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਦੌਰਾਨ ਪਰਿਵਾਰ ਦੇ ਕਮਾਊ ਮੈਂਬਰਾਂ ਨੂੰ ਗੁਆਉਣ ਵਾਲਿਆਂ ਤੋਂ ਜਾ ਕੇ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਸ ਮਹਿੰਗਾਈ ਤੋਂ ਉਹ ਕਿੰਨੇ ਦੁਖੀ ਹਨ? ਉਨ੍ਹਾਂ ਕਿਹਾ ਕਿ ਸੱਤਾਧਾਰੀ ਭਾਜਪਾ ਦੇ ਚੋਣ-ਮਨੋਰਥ ਪੱਤਰ ਵਿੱਚ ਆਮਦਨ ਕਰ ਵਿੱਚ ਛੋਟ ਦੇਣ ਦੀ ਗੱਲ ਕੀਤੀ ਗਈ ਹੈ, ਪਰ ਇਸ ਬਜਟ ਵਿੱਚ ਅਜਿਹਾ ਕੋਈ ਐਲਾਨ ਨਹੀਂ ਕੀਤਾ ਗਿਆ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਚਿੱਟੇ ਦਾ ਕਹਿਰ: ਬਠਿੰਡਾ ’ਚ ਨਸ਼ੇ ਦੀ ਓਵਰਡੋਜ਼ ਨਾਲ 2 ਹੋਰ ਨੌਜਵਾਨ ਦੀ ਮੌਤ



**ਬਠਿੰਡਾ/ਲੋਕ ਬਾਣੀ**

ਚਿੱਟੇ ਦੇ ਨਸ਼ੇ ਦਾ ਬਠਿੰਡਾ ਵਿੱਚ ਸੋਮਵਾਰ ਜ਼ਬਰਦਸਤ ਕਹਿਰ ਦੇਖਣ ਨੂੰ ਮਿਲਿਆ ਹੈ ਦੋ ਨੌਜਵਾਨਾਂ ਦੀ ਚਿੱਟੇ ਦਿਨ ਚਿੱਟੇ ਦੀ ਓਵਰਡੋਜ਼ ਨਾਲ ਮੌਤ ਹੋਣ ਦੀਆਂ ਦਰਦਨਾਕ ਘਟਨਾਵਾਂ ਵਾਪਰੀਆਂ ਹਨ। ਬਠਿੰਡਾ ਦੀ ਧੋਬੀਆਣਾ ਰੋਡ @ਤੇ ਨਸ਼ੇ ਦੀ ਓਵਰਡੋਜ਼ ਕਰਕੇ ਇਕ 25 ਸਾਲਾ ਨੌਜਵਾਨ ਦੀ ਮੌਤ ਹੋ ਗਈ। ਉਕਤ ਨੌਜਵਾਨ ਦੀ ਲਾਸ਼ ਇਕ ਪਲਾਟ ਵਿਚ ਪਈ ਦੇਖੀ, ਕੋਲ ਹੀ ਨਸ਼ੇ ਦੇ ਟੀਕੇ ਲਾਉਣ ਵਾਲੀਆਂ ਸਰਿੰਜਾਂ ਪਈਆਂ ਸਨ।

ਸਥਾਨਕ ਲੋਕਾਂ ਨੇ ਤੁਰੰਤ ਸੂਚਨਾ ਪੁਲਿਸ ਅਤੇ ਸਹਾਰਾ ਜਨਸੇਵਾ ਦੇ ਵਰਕਰਾਂ ਨੂੰ ਦਿੱਤੀ। ਮੌਕੇ @ਤੇ ਸਹਾਰਾ ਜਨਸੇਵਾ ਦੇ ਵਰਕਰ ਅਤੇ ਥਾਣਾ ਸਿਵਲ ਲਾਈਨ ਦੀ ਪੁਲਿਸ ਮੌਕੇ @ਤੇ ਪਹੁੰਚੀ ਤੇ ਉਨ੍ਹਾਂ ਲਾਸ਼ ਪੋਸਟਮਾਰਟਮ ਲਈ ਸਹਾਰਾ ਜਨਸੇਵਾ ਦੇ ਵਰਕਰਾਂ ਦੇ ਸਹਿਯੋਗ ਨਾਲ ਹਸਪਤਾਲ ਪਹੁੰਚਾਈ ਅਤੇ ਚਿੱਟੇ ਦੇ ਸਮੱਗਲਰਾਂ ਖਿਲਾਫ ਕਾਰਵਾਈ ਲਈ ਯਤਨ ਆਰੰਭ ਦਿੱਤੇ।

ਇਸੇ ਤਰ੍ਹਾਂ ਦੇਰ ਸ਼ਾਮ ਨੂੰ ਬਠਿੰਡਾ ਦੇ ਸਟੇਡੀਅਮ ਵਿੱਚ ਸਤਾਰਾਂ ਸਾਲ ਦੇ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ, ਜਿਸ ਦੀ ਲਾਸ਼ ਸੰਸਥਾ ਵੱਲੋਂ ਸਿਵਲ ਹਸਪਤਾਲ ਪਹੁੰਚਾਈ ਗਈ । ਸਿਵਲ ਹਸਪਤਾਲ ਡਿਊਟੀ ਤੇ ਤੈਨਾਤ ਡਾਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਇਕ ਨੌਜਵਾਨ ਦੀ ਮੌਤ ਸਵੇਰੇ ਅਤੇ ਇੱਕ ਨੌਜਵਾਨ ਦੀ ਮੌਤ ਸ਼ਾਮ ਨੂੰ ਕੁੱਲ ਦੋ ਨੌਜਵਾਨਾਂ ਦੀ ਮੌਤ ਚਿੱਟੇ ਦੇ ਨਸ਼ੇ ਨਾਲ ਹੋਈ ਹੈ ਦੋਨਾਂ ਨੌਜਵਾਨਾਂ ਦੀਆਂ ਬਾਹਾਂ ਨਸ਼ੇ ਦੇ ਟੀਕੇ ਲੱਗਣ ਕਾਰਨ ਵਿੰਨ੍ਹੀਆਂ ਹੋਈਆਂ ਹਨ। ਇਸ ਮਾਮਲੇ ਵਿਚ ਵੀ ਥਾਣਾ ਸਿਵਲ ਲਾਈਨ ਦੀ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਕੇਂਦਰੀ ਜੇਲ੍ਹ ਬਠਿੰਡਾ @ਚ ਬੰਦ ਹਵਾਲਾਤੀਆਂ ਤੋਂ ਫਿਰ 4 ਮੋਬਾਇਲ ਤੇ ਹੋਰ ਸਾਮਾਨ ਬਰਾਮਦ



**ਬਠਿੰਡਾ/ਲੋਕ ਬਾਣੀ**

ਕੇਂਦਰੀ ਜੇਲ੍ਹ ਬਠਿੰਡਾ ਸੁਧਾਰ ਘਰ ਹੈ ਜਾਂ ਮੋਬਾਇਲ ਬਣਾਉਣ ਵਾਲਾ ਜ਼ਖੀਰਾ ? ਇਸ ਗੱਲ ਦੀ ਸਮਝ ਇਸ ਕਰਕੇ ਨਹੀਂ ਆ ਰਹੀ ਕਿ ਜੇਲ੍ਹ ਵਿੱਚ ਬੰਦ ਹਵਾਲਾਤੀਆਂ ਅਤੇ ਕੈਦੀਆਂ ਤੋਂ ਭਾਰੀ ਗਿਣਤੀ ਵਿੱਚ ਨਿੱਤ ਮੋਬਾਈਲ ਸਿਮ ਅਤੇ ਇੰਟਰਨੈੱਟ ਚਲਾਉਣ ਵਾਲੀਆਂ ਡੋਂਗਲ, ਡਾਟਾ ਕੇਬਲ, ਟੱਚ ਸਕਰੀਨ ਮੋਬਾਈਲ ,ਸਮੇਤ ਹਰ ਤਰ੍ਹਾਂ ਦਾ ਇਲੈਕਟ੍ਰੌਨਿਕ ਸਾਮਾਨ ਬਰਾਮਦ ਹੋ ਰਿਹਾ ਹੈ ।ਜੇਲ੍ਹਾਂ ਵਿੱਚ ਬੰਦ ਗੈਂਗਸਟਰਾਂ ,ਹਵਾਲਾਤੀਆਂ ਤੇ ਕੈਦੀਆਂ ਨੂੰ ਮਿਲਦੀਆਂ ਵੀਵੀਆਈਪੀ ਸਹੂਲਤਾਂ ਪੰਜਾਬ ਦੀ ਨਵੀਂ ਬਣੀ ਸਰਕਾਰ ਲਈ ਇਕ ਚੈਲੇਂਜ ਹਨ। ਭਾਵੇਂ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਜੇਲ੍ਹ ਸੁਪਰੀਡੈਂਟ ਸਮੇਤ ਡੀਸੀ ਤੇ ਐਸਐਸਪੀ ਨੂੰ ਪੱਤਰ ਲਿਖ ਕੇ ਵੀਵੀਆਈਪੀ ਸਹੂਲਤਾਂ ਤੇ ਰੋਕ ਲਾਉਣ ਦੇ ਆਦੇਸ਼ ਦਿੱਤੇ ਹਨ, ਪਰ ਸ਼ਾਇਦ ਜੇਲ੍ਹ ਮੰਤਰੀ ਦੇ ਆਦੇਸ਼ ਕੇਂਦਰੀ ਜੇਲ੍ਹ ਬਠਿੰਡਾ ਦੇ ਅਧਿਕਾਰੀਆਂ ਤੇ ਲਾਗੂ ਨਹੀਂ ਹੁੰਦੇ ।

ਜਾਣਕਾਰੀ ਅਨੁਸਾਰ ਕੇਂਦਰੀ ਜੇਲ੍ਹ ਬਠਿੰਡਾ ਦੇ ਸਹਾਇਕ ਸੁਪਰੀਡੈਂਟ ਸਿਕੰਦਰ ਸਿੰਘ ਦੀ ਸ਼ਿਕਾਇਤ ਤੇ ਥਾਣਾ ਕੈਂਟ ਵਿਚ ਹਰਦੀਪ ਸਿੰਘ ਪੁੱਤਰ ਹਰਦੇਵ ਸਿੰਘ ਵਾਸੀ ਕਾਲ ਵਣਜਾਰਾ ਜ਼ਿਲ੍ਹਾ ਸੰਗਰੂਰ ਖ਼ਿਲਾਫ ਸੈਕਸ਼ਨ 52ਏ ਜੇਲ੍ਹ ਐਕਟ ਤਹਿਤ ਪਰਚਾ ਦਰਜ ਕੀਤਾ ਹੈ, ਕਿਉਂਕਿ 23 ਮਾਰਚ ਤੋਂ 27 ਮਾਰਚ ਤੱਕ ਤਲਾਸ਼ੀ ਦੌਰਾਨ ਵਿਅਕਤੀ ਪਾਸੋਂ 3 ਕੀ ਪੈਡ ਮੋਬਾਇਲ ਫੋਨ, ਦੋ ਡਾਟਾ ਕੇਬਲ ਅਤੇ 1 ਟੱਚ ਸਕਰੀਨ ਮੋਬਾਈਲ ਫੋਨ ,,ਸਿਮ ਏਅਰਟੈੱਲ ਇਕ ਏਅਰ ਫੋਨ ਬਰਾਮਦ ਹੋਇਆ ਹੈ ।

# ਹੜਤਾਲ ’ਤੇ ਨਹੀਂ ਜਾ ਸਕਦੇ ਕਰਮਚਾਰੀ, ਸਰਕਾਰ ਤੁਰੰਤ ਜਾਰੀ ਕਰੇ ਆਦੇਸ਼: ਹਾਈ ਕੋਰਟ



ਦੇਸ਼ ਭਰ ਵਿੱਚ ਮੁਲਾਜ਼ਮਾਂ ਦੀ ਦੋ ਰੋਜ਼ਾ ਹੜਤਾਲ ਚੱਲ ਰਹੀ ਹੈ। ਇਸ ਨਾਲ ਪੂਰਾ ਦੇਸ਼ ਪ੍ਰਭਾਵਿਤ ਹੋਇਆ ਹੈ, ਪਰ ਕੇਰਲ ਹਾਈ ਕੋਰਟ ਨੇ ਕੇਰਲ ਸਰਕਾਰ ਨੂੰ ਆਪਣੇ ਕਰਮਚਾਰੀਆਂ ਨੂੰ ਹੜਤਾਲ @ਤੇ ਜਾਣ ਤੋਂ ਰੋਕਣ ਲਈ ਤੁਰੰਤ ਮਨਾਹੀ ਦੇ ਹੁਕਮ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਕੇਰਲ ਹਾਈ ਕੋਰਟ ਨੇ ਸੋਮਵਾਰ ਨੂੰ ਕੇਰਲ ਦੀ ਐਲਡੀਐਫ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ ਦੋ ਦਿਨ ਦੀ ਦੇਸ਼ ਵਿਆਪੀ ਹੜਤਾਲ ਦੌਰਾਨ ਆਪਣੇ ਕਰਮਚਾਰੀਆਂ ਨੂੰ ਹੜਤਾਲ @ਤੇ ਜਾਣ ਤੋਂ ਰੋਕਣ ਲਈ ਤੁਰੰਤ ਮਨਾਹੀ ਦਾ ਹੁਕਮ ਜਾਰੀ ਕਰੇ। ਚੀਫ਼ ਜਸਟਿਸ ਐਸ ਮਣੀਕੁਮਾਰ ਅਤੇ ਜਸਟਿਸ ਸ਼ਾਜੀ ਪੀ ਚਲੇ ਨੇ ਸੀਸੀ ਨਾਇਰ ਐਸ ਦੀ ਜਨਹਿੱਤ ਪਟੀਸਨ ਉਤੇ ਇਹ ਅੰਤਰਿਮ ਨਿਰਦੇਸ਼ ਦਿੱਤੇ ਹਨ। ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਸਜੀਤ ਕੁਮਾਰ ਨੇ ਹੁਕਮਾਂ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦਾ ਵਿਚਾਰ ਹੈ ਕਿ ਸਰਕਾਰੀ ਮੁਲਾਜ਼ਮਾਂ ਵੱਲੋਂ ਹੜਤਾਲ ’ਤੇ ਜਾਣਾ ਗੈਰ-ਕਾਨੂੰਨੀ ਹੈ ਕਿਉਂਕਿ ਉਨ੍ਹਾਂ ਦੀਆਂ ਸੇਵਾ ਸ਼ਰਤਾਂ ਵਿੱਚ ਇਸ ਦੀ ਮਨਾਹੀ ਹੈ। ਪਟੀਸ਼ਨਕਰਤਾ ਨੇ ਆਪਣੀ ਪਟੀਸ਼ਨ @ਚ ਦਾਅਵਾ ਕੀਤਾ ਹੈ ਕਿ ਸੂਬਾ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਵਿਰੁੱਧ ਹੜਤਾਲ @ਤੇ ਜਾਣ ਲਈ ਉਤਸ਼ਾਹਿਤ ਕਰ ਰਹੀ ਹੈ ਅਤੇ ਦੋ ਦਿਨਾਂ ਦੇ ਕੰਮ ਦੇ ਬਾਈਕਾਟ ਦੌਰਾਨ ਉਨ੍ਹਾਂ ਨੂੰ ਤਨਖਾਹਾਂ ਦਿੱਤੀਆਂ ਜਾਣਗੀਆਂ।

# ਗਰਮੀ ਨੇ ਹਾਲ ਕੀਤਾ ਬੇਹਾਲ, ਪੰਜਾਬ ਚ ਪਾਰਾ 38 ਡਿਗਰੀ ਤੇ, ਹਰਿਆਣਾ ਚ ਲੂ ਦਾ ਕਹਿਰ

ਉੱਤਰ ਭਾਰਤ ਵਿੱਚ ਮੌਸਮ ਦਾ ਮਿਜ਼ਾਜ ਵਿਗੜਦਾ ਹੋਇਆ ਨਜ਼ਰ ਆ ਰਿਹਾ ਹੈ। ਮਾਰਚ ਮਹੀਨੇ ਵਿੱਚ ਹੀ ਗਰਮੀ ਨੇ ਕਈ ਰਿਕਾਰਡ ਤੋੜ ਦਿਤੇ ਹਨ। ਇਹੀ ਨਹੀਂ ਕਈ ਰਾਜਾਂ ਵਿੱਚ ਤਾਂ ਲੂ ਨੇ ਕਹਿਰ ਢਾਉਣਾ ਸ਼ੁਰੂ ਕਰ ਦਿਤਾ ਹੈ। ਮੌਸਮ ਵਿਭਾਗ ਦੀ ਮੰਨੀ ਜਾਏ ਤਾਂ ਹਾਲੇ ਕੁੱਝ ਦਿਨ ਹੋਰ ਇਸੇ ਤਰ੍ਹਾਂ ਗਰਮੀ ਕਹਿਰ ਬਣਾਏ ਰੱਖੇਗੀ। ਕਿਉਂਕਿ ਅਗਲੇ ਇੱਕ ਹਫ਼ਤੇ ਤੱਕ ਮੀਂਹ ਪੈਣ ਦੇ ਕੋਈ ਆਸਾਰ ਨਹੀਂ ਹਨ। ਗੱਲ ਪੰਜਾਬ ਦੀ ਕੀਤੀ ਜਾਏ ਤਾਂ ਇੱਥੇ ਬਠਿੰਡਾ 37.5 ਡਿਗਰੀ ਸੈਲਸੀਅਸ ਨਾਲ ਸਭ ਤੋਂ ਗਰਮ ਸ਼ਹਿਰ ਰਿਕਾਰਡ ਕੀਤਾ ਗਿਆ। ਜਦਕਿ ਘੱਟ-ਘੱਟੋ ਤਾਪਮਾਨ 15 ਡਿਗਰੀ (ਆਦਮਪੁਰ) ਰਿਕਾਰਡ ਕੀਤਾ ਗਿਆ। ਖ਼ੈਰ ਪੰਜਾਬ ▾ਚ ਗਰਮੀ ਤਾਂ ਪੈ ਰਹੀ ਹੈ, ਪਰ ਹਾਲੇ ਲੂ ਤੋਂ ਰਾਹਤ ਹੈ। ਦੂਜੇ ਪਾਸੇ ਗੁਆਂਢੀ ਸੂਬੇ ਹਰਿਆਣਾ ਦੀ ਗੱਲ ਕੀਤੀ ਜਾਏ ਤਾਂ ਮੌਸਮ ਵਿਭਾਗ ਮੁਤਾਬਕ ਹਰਿਆਣਾ @ਚ ਗਰਮੀ ਦਾ ਅਸਰ ਜ਼ਿਆਦਾ ਦੇਖਣ ਨੂੰ ਮਿਲੇਗਾ। ਅਗਲੇ 4 ਤੋਂ 5 ਦਿਨਾਂ ਵਿੱਚ ਹੀਟ ਵੇਵ ਦੇ ਹਾਲਾਤ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਫਿਲਹਾਲ ਮੀਂਹ ਦੀ ਕੋਈ ਸੰਭਾਵਨਾ ਨਹੀਂ ਹੈ।

# ਭਿਆਨਕ ਸੜਕ ਹਾਦਸਾ, ਲੜਕੀ ਸਮੇਤ 3 ਦੀ ਮੌਤ, 8 ਜ਼ਖਮੀ



**ਕੁਰੂਕਸ਼ੇਤਰ/ਲੋਕ ਬਾਣੀ**

ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲੇ @ਚ ਤੇਜ਼ ਰਫਤਾਰ ਦੇ ਕਹਿਰ ਕਾਰਨ ਹਾਦਸੇ @ਚ ਇਕ ਮੁਟਿਆਰ ਸਮੇਤ 3 ਲੋਕਾਂ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਇਸ ਹਾਦਸੇ @ਚ 8 ਲੋਕ ਜ਼ਖਮੀ ਹੋ ਗਏ। ਜ਼ਖ਼ਮੀਆਂ ਵਿੱਚੋਂ ਦੋ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਹ ਹਾਦਸਾ ਕੁਰੂਕਸ਼ੇਤਰ ਜ਼ਿਲ੍ਹੇ ਦੇ ਢੰਡ ਰੋਡ @ਤੇ ਵਾਪਰਿਆ। ਜਿੱਥੇ ਦੋ ਵਾਹਨ ਬੁਰੀ ਤਰ੍ਹਾਂ ਨਾਲ ਟਕਰਾ ਗਏ। ਹਾਦਸੇ ਤੋਂ ਬਾਅਦ ਮੌਕੇ @ਤੇ ਰੌਲਾ ਪੈ ਗਿਆ। ਮਾਮਲੇ ਦੀ ਸੂਚਨਾ ਪੁਲਿਸ ਨੂੰ ਦੇ ਦਿੱਤੀ ਗਈ ਹੈ। ਪੁਲਸ ਨੇ ਮੌਕੇ @ਤੇ ਪਹੁੰਚ ਕੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਇਸ ਦੇ ਨਾਲ ਹੀ ਲਾਸ਼ਾਂ ਨੂੰ ਪੋਸਟਮਾਰਟਮ ਲਈ ਹਸਪਤਾਲ ਦੀ ਮੋਰਚਰੀ @ਚ ਰਖਵਾਇਆ ਗਿਆ ਹੈ।

ਦਰਅਸਲ ਕੁਰੂਕਸ਼ੇਤਰ ਢੰਡ ਰੋਡ @ਤੇ ਟਵੇਰਾ ਕਾਰ ਅਤੇ ਆਈ-10 ਕਾਰ ਵਿਚਾਲੇ ਜ਼ਬਰਦਸਤ ਟੱਕਰ ਹੋ ਗਈ। ਇਸ ਦਰਦਨਾਕ ਹਾਦਸੇ @ਚ ◆10 ਕਾਰ @ਚ ਸਵਾਰ ਨੌਜਵਾਨ ਅਤੇ ਲੜਕੀ ਦੀ ਮੌਕੇ @ਤੇ ਹੀ ਮੌਤ ਹੋ ਗਈ। ਇਸ ਦੇ ਨਾਲ ਹੀ ਟਵੇਰਾ ਗੱਡੀ ਵਿੱਚ ਸਵਾਰ 9 ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਦੇ ਨਾਲ ਹੀ 8 ਲੋਕ ਜ਼ਖਮੀ ਹੋ ਗਏ, ਜਿਨ੍ਹਾਂ @ਚੋਂ 2 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਮੌਕੇ @ਤੇ ਮੌਜੂਦ ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਟਵੇਰਾ @ਚ ਸਵਾਰ 9 ਵਿਅਕਤੀ ਕਿਸੇ ਨਜ਼ਦੀਕੀ ਰਿਸ਼ਤੇਦਾਰ ਦਾ ਅੰਤਿਮ ਸੰਸਕਾਰ ਕਰਨ ਤੋਂ ਬਾਅਦ ਹਰਿਦੁਆਰ ਤੋਂ ਸਮਾਣਾ ਪੰਜਾਬ ਜਾ ਰਹੇ ਸਨ । ਜਦੋਂ ਕਿ ਕੁਰੂਕਸ਼ੇਤਰ ਢੰਡ ਰੋਡ @ਤੇ ਸਾਹਮਣੇ ਤੋਂ ਆ ਰਹੀ ਆਈ 10 ਗੱਡੀ ਨਾਲ ਉਸ ਦੀ ਟੱਕਰ ਹੋ ਗਈ। ਸਾਰੇ ਜ਼ਖਮੀਆਂ ਨੂੰ ਲੋਕਨਾਇਕ ਜੈਪ੍ਰਕਾਸ਼ ਹਸਪਤਾਲ @ਚ ਭਰਤੀ ਕਰਵਾਇਆ ਗਿਆ ਹੈ। ਲੋਕਨਾਇਕ ਜੈਪ੍ਰਕਾਸ਼ ਹਸਪਤਾਲ ਦੀ ਡਾਕਟਰ ਦੀਪਾਲੀ ਨੇ ਤਿੰਨ ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਹਾਦਸੇ @ਚ 8 ਲੋਕ ਜ਼ਖਮੀ ਹੋਏ ਹਨ। ਇਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਬਣੀ ਹੋਈ ਹੈ। ਸਾਰੇ ਜ਼ਖਮੀਆਂ ਦਾ ਇਲਾਜ ਕੁਰੂਕਸ਼ੇਤਰ ਦੇ ਲੋਕਨਾਇਕ ਜੈਪ੍ਰਕਾਸ਼ ਨਾਰਾਇਣ ਹਸਪਤਾਲ @ਚ ਚੱਲ ਰਿਹਾ ਹੈ।

# CAPF ਜਵਾਨਾਂ ਨੂੰ ਮਿਲੇਗੀ 100 ਦਿਨਾਂ ਦੀ ਛੁੱਟੀ, ਗ੍ਰਹਿ ਮੰਤਰਾਲਾ ਜਲਦ ਲੈ ਸਕਦਾ ਹੈ ਵੱਡਾ ਫੈਸਲਾ

**ਨਵੀਂ ਦਿੱਲੀ/ਲੋਕ ਬਾਣੀ:-** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਲ 2019 ਦੇ ਅੰਤ ਵਿੱਚ ਇੱਕ ਵੱਡਾ ਐਲਾਨ ਕਰਦਿਆਂ ਕਿਹਾ ਸੀ ਕਿ ਕੇਂਦਰੀ ਹਥਿਆਰਬੰਦ ਪੁਲਿਸ ਬਲ (ਸੀਏਪੀਐਫ) ਦੇ ਜਵਾਨਾਂ ਨੂੰ ਸਾਲ ਵਿੱਚ 100 ਦਿਨ ਦੀ ਛੁੱਟੀ ਦਿੱਤੀ ਜਾਵੇਗੀ। ਹੁਣ ਇਸ ਮਾਮਲੇ ਨੂੰ ਲੈ ਕੇ ਇੱਕ ਵੱਡੀ ਖਬਰ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਛੇਤੀ ਹੀ 31♦6 ਜਵਾਨਾਂ ਨੂੰ ਆਪਣੇ ਪਰਿਵਾਰਾਂ ਨਾਲ ਘੱਟੋ-ਘੱਟ 100 ਦਿਨਾਂ ਦੀ ਛੁੱਟੀ ਬਿਤਾਉਣ ਦੀ ਇਜਾਜ਼ਤ ਦੇਣ ਦੇ ਪ੍ਰਸਤਾਵ ਨੂੰ ਲਾਗੂ ਕਰ ਸਕਦੇ ਹਨ। ਦੱਸ ਦਈਏ ਕਿ ਦੇਸ਼ ਦੇ ਪੰਜ ਸੁਰੱਖਿਆ ਬਲਾਂ ਦੇ ਸਮੂਹ ਨੂੰ CAPF ਕਿਹਾ ਜਾਂਦਾ ਹੈ। ਇਸ ਸਮੂਹ ਵਿੱਚ ਆਉਣ ਵਾਲੀਆਂ ਸਾਰੀਆਂ ਫੋਰਸਜ਼ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਪੂਰੀ ਤਰ੍ਹਾਂ ਕੰਟਰੋਲ ਅਧੀਨ ਹਨ। CAPF ਵਿੱਚ ਸੀਮਾ ਸੁਰੱਖਿਆ ਬਲ (BSF), ਕੇਂਦਰੀ ਰਿਜ਼ਰਵ ਪੁਲਿਸ ਬਲ (CRPF), ਕੇਂਦਰੀ ਉਦਯੋਗਿਕ ਸੁਰੱਖਿਆ ਬਲ (CISF), ਇੰਡੋ-ਤਿੱਬਤੀ ਬਾਰਡਰ ਪੁਲਿਸ (ITBP) ਅਤੇ ਸਸ਼ਤ੍ਰ ਸੀਮਾ ਬਲ (SSB) ਸ਼ਾਮਲ ਹਨ। ਸੀਏਪੀਐਫ ਜਵਾਨਾਂ ਦੀ ਛੁੱਟੀ ਦਾ ਮੁੱਦਾ ਪਿਛਲੇ ਤਿੰਨ ਸਾਲਾਂ ਤੋਂ ਲਟਕਿਆ ਹੋਇਆ ਸੀ। ਹੁਣ ਉਮੀਦ ਕੀਤੀ ਜਾ ਰਹੀ ਹੈ ਕਿ ਜਲਦੀ ਹੀ ਇਸ ਸਬੰਧੀ ਗ੍ਰਹਿ ਮੰਤਰੀ ਤੋਂ ਇਜਾਜ਼ਤ ਮਿਲ ਸਕਦੀ ਹੈ।

# ਇਸ ਤਰੀਕ ਤੋਂ ਸ਼ੁਰੂ ਹੋਵੇਗੀ ਅਮਰਨਾਥ ਯਾਤਰਾ, ਸ਼ਰਧਾਲੂਆਂ ਲਈ ਹਦਾਇਤਾਂ ਜਾਰੀ

**ਨਵੀਂ ਦਿੱਲੀ/ਲੋਕ ਬਾਣੀ**

ਅਮਰਨਾਥ ਯਾਤਰਾ ਦਾ ਇੰਤਜ਼ਾਰ ਕਰ ਰਹੇ ਯਾਤਰੀਆਂ ਲਈ ਵੱਡੀ ਖ਼ਬਰ ਸਾਹਮਣੇ ਆਈ ਹੈ। ਇਸ ਸਾਲ ਅਮਰਨਾਥ ਯਾਤਰਾ 30 ਜੂਨ 2022 ਤੋਂ ਸ਼ੁਰੂ ਹੋਵੇਗੀ। ਇਹ ਜਾਣਕਾਰੀ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਦੇ ਦਫ਼ਤਰ ਨੇ ਐਤਵਾਰ ਨੂੰ ਦਿੱਤੀ। ਉਪ ਰਾਜਪਾਲ ਦੇ ਦਫ਼ਤਰ ਨੇ ਕਿਹਾ ਕਿ ਜੂਨ ਤੋਂ ਸ਼ੁਰੂ ਹੋਣ ਵਾਲੀ ਯਾਤਰਾ ਕੋਵਿਡ ਪ੍ਰੋਟੋਕੋਲ ਦੀ ਪਾਲਣਾ ਕਰਨਾ ਲਾਜ਼ਮੀ ਹੋਵੇਗਾ। ਅਮਰਨਾਥ ਯਾਤਰਾ 43 ਦਿਨਾਂ ਤੱਕ ਚੱਲੇਗੀ, ਜਿਸ ਦਾ ਆਖਰੀ ਦਿਨ ਰਕਸ਼ਾ ਬੰਧਨ ਵਾਲਾ ਦਿਨ ਹੋਵੇਗਾ।

ਕੋਰੋਨਾ ਮਹਾਮਾਰੀ ਕਾਰਨ ਦੋ ਸਾਲਾਂ ਤੋਂ ਬੰਦ ਪਈ ਅਮਰਨਾਥ ਯਾਤਰਾ 30 ਜੂਨ ਤੋਂ ਸ਼ੁਰੂ ਹੋਵੇਗੀ। ਸ਼੍ਰਾਈਨ ਬੋਰਡ ਮੁਤਾਬਕ ਅਮਰਨਾਥ ਯਾਤਰਾ @ਤੇ ਜਾਣ ਦੇ ਚਾਹਵਾਨ ਸ਼ਰਧਾਲੂਆਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ 2 ਅਪ੍ਰੈਲ ਤੋਂ ਸ਼ੁਰੂ ਹੋਵੇਗੀ। ਬੋਰਡ ਮੁਤਾਬਕ ਇੱਕ ਦਿਨ ਵਿੱਚ ਸਿਰਫ਼ 20 ਹਜ਼ਾਰ ਲੋਕਾਂ ਦੀ ਹੀ ਰਜਿਸਟ੍ਰੇਸ਼ਨ ਹੋਵੇਗੀ। ਇਸ ਤੋਂ ਇਲਾਵਾ ਯਾਤਰਾ ਦੇ ਦਿਨਾਂ ਦੌਰਾਨ ਕਾਊਂਟਰਾਂ @ਤੇ ਜਾ ਕੇ ਵੀ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਅਮਰਨਾਥ ਯਾਤਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਯਾਤਰਾ @ਤੇ ਸਿਰਫ਼ ਉਹੀ ਸ਼ਰਧਾਲੂ ਹੀ ਜਾ ਸਕਣਗੇ, ਜਿਨ੍ਹਾਂ ਦੀ ਉਮਰ 16 ਤੋਂ 65 ਸਾਲ ਦੇ ਵਿਚਕਾਰ ਹੋਵੇਗੀ। ਅਮਰਨਾਥ ਯਾਤਰਾ 20222 ਲਈ ਮੈਡੀਕਲ ਸਰਟੀਫਿਕੇਟ ਹੋਣਾ ਲਾਜ਼ਮੀ ਹੈ।

# ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਸੀਨੀਅਰ ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਅਤੇ ਭੈਣ ਜੀ ਹਰਿੰਦਰ ਕੌਰ ਦਾ ਢਾਹਾਂ-ਕਲੇਰਾਂ ਪੁੱਜਣ ਮੌਕੇ ਨਿੱਘਾ ਸਵਾਗਤ



**ਬੰਗਾ/ਲੋਕ ਬਾਣੀ**

ਲੋਕ ਸੇਵਾ ਨੂੰ ਸਮਰਪਿਤ ਸੰਸਥਾ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ-ਕਲੇਰਾਂ ਦੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਜੀ ਦੇ ਹੋਣਹਾਰ ਸਪੁੱਤਰ ਸ. ਬਰਜਿੰਦਰ ਸਿੰਘ ਢਾਹਾਂ ਸੀਨੀਅਰ ਮੀਤ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ-ਕਲੇਰਾਂ ਅਤੇ ਸਪੁੱਤਰੀ ਬੀਬੀ ਹਰਿੰਦਰ ਕੌਰ ਜੀ ਦੇ ਅੱਜ ਢਾਹਾਂ ਕਲੇਰਾਂ ਵਿਖੇ ਪੁੱਜਣ @ਤੇ ਸ. ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ ਟਰੱਸਟ ਨੇ ਸਮੂਹ ਟਰੱਸਟ ਵੱਲੋਂ ਅਤੇ ਟਰੱਸਟ ਅਧੀਨ ਚੱਲ ਰਹੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਸ. ਕੁਲਵਿੰਦਰ ਸਿੰਘ ਢਾਹਾਂ ਸਕੱਤਰ ਟਰੱਸਟ ਨੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਅਧੀਨ ਚੱਲ ਰਹੇ ਵੱਖ ਵੱਖ ਅਦਾਰਿਆਂ ਵੱਲੋਂ ਲੋਕ ਭਲਾਈ ਲਈ ਕੀਤੇ ਜਾ ਰਹੇ ਵੱਖ-ਵੱਖ ਸੇਵਾ ਕਾਰਜਾਂ ਬਾਰੇ ਅਤੇ ਆਉਣ ਵਾਲੇ ਸਮੇਂ ਵਿਚ ਆਰੰਭੇ ਜਾ ਰਹੇ ਪ੍ਰੋਜੈਕਟਾਂ ਬਾਰੇ ਚਾਨਣਾ ਪਾਇਆ। ਇਸ ਮੌਕੇ ਸ. ਬਰਜਿੰਦਰ ਸਿੰਘ ਢਾਹਾਂ ਸੀਨੀਅਰ ਮੀਤ ਪ੍ਰਧਾਨ ਨੇ ਟਰੱਸਟ ਅਤੇ ਸਮੂਹ ਅਦਾਰਿਆਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਕੈਨੇਡਾ ਦੀਆਂ ਦਾਨੀ ਸੰਗਤਾਂ ਵੱਲੋਂ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਸ. ਬਰਜਿੰਦਰ ਸਿੰਘ ਢਾਹਾਂ ਸੀਨੀਅਰ ਮੀਤ ਪ੍ਰਧਾਨ ਟਰੱਸਟ ਅਤੇ ਭੈਣ ਜੀ ਹਰਿੰਦਰ ਕੌਰ ਜੀ ਦਾ ਨਿੱਘਾ ਸਵਾਗਤ ਕਰਨ ਮੌਕੇ ਸਰਵ ਸ੍ਰੀ ਸ. ਕੁਲਵਿੰਦਰ ਸਿੰਘ ਢਾਹਾਂ ਸਕੱਤਰ ਜਰਨਲ, ਬੀਬੀ ਜਿੰਦਰ ਕੌਰ ਢਾਹਾਂ, ਮਹਿੰਦਰਪਾਲ ਸਿੰਘ ਸੁਪਰਡੈਂਟ, ਪ੍ਰੇਮ ਪ੍ਰਕਾਸ਼ ਸਿੰਘ, ਜਤਿੰਦਰ ਕੁਮਾਰ, ਰਣਜੀਤ ਸਿੰਘ, ਪਰਮਿੰਦਰ ਕੌਰ, ਉਮ ਬਹਾਦਰ ਵਿਸ਼ਵਕਰਮਾ ਅਤੇ ਵੱਖ ਵਿਭਾਗਾਂ ਦੇ ਮੁਖੀ, ਟਰੱਸਟ ਸਟਾਫ਼ ਅਤੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਲੈਕਚਰਾਰ ਕੁਲਵਿੰਦਰਜੀਤ ਸਿੰਘ ਬੰਡਾਲਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**:- ਇਲਾਕੇ ਦੇ ਹਰਮਨ ਪਿਆਰੇ ਉੱਘੇ ਸਮਾਜ ਸੇਵੀ ਅਤੇ ਲੈਚਰਾਰ ਕੁਲਵਿੰਦਰਜੀਤ ਸਿੰਘ ਬੰਡਾਲਾ ਜੋ ਬੀਤੇ ਦਿਨੀਂ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਕੇ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ । ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸੀ ? ਅਖੰਡ ਪਾਠ ਸਾਹਿਬ ਜੀ ਦੇ ਭੋਗ ਉਨ੍ਹਾਂ ਦੇ ਗਰਿਹ ਮਹੱਲਾ ਜੋਤੀਸਰ ਜੰਡਿਆਲਾ ਗੁਰੂ ਵਿਖੇ ਪਾਉਣ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਤੱਪਸਥਾਨ ਬਾਬਾ ਹੁੰਦਾਲ ਸਾਹਿਬ ਜੀ ਜੰਡਿਆਲਾ ਗੁਰੂ ਵਿਖੇ ਹੋਈ। ਜਿਸ ਵਿਚ ਵੱਖ-ਵੱਖ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾ ਨੇ ਕੁਲਵਿੰਦਰਜੀਤ ਸਿੰਘ ਬੰਡਾਲਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਇਸ ਸ਼ਰਧਾਂਜਲੀ ਸਮਾਗਮ ਵਿੱਚ ਡਾ. ਮੰਗਲ ਸਿੰਘ ਕਿਸ਼ਨਪੁਰੀ, ਆਮ ਆਦਮੀ ਪਾਰਟੀ ਜ਼ਿਲਾ ਪ੍ਰਧਾਨ ਨਰੇਸ਼ ਪਾਠਕ, ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ,ਜਰਮਨਜੀਤ ਸਿੰਘ ਅਧਿਆਪਕ ਆਗੂ,ਐਸ ਡੀ ਓ ਸੁਖਜੀਤ ਸਿੰਘ,ਪ੍ਰਿੰਸੀਪਲ ਦੀਪਇੰਦਰਪਾਲ ਸਿੰਘ ਖਹਿਰਾ,ਸੁਬਾਸ਼ ਮੈਡੀਕਲ,ਡਾਕਟਰ ਪ੍ਰੀਤਪਾਲ ਸਿੰਘ, ਵਿਜੈ ਕੁਮਾਰ,ਸੁਨੀਲ ਕੁਮਾਰ, ਜਤਿੰਦਰ ਸਿੰਘ ਨਾਟੀ ਕੌਂਸਲਰ, ਕੁਲਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਵ: ਕੁੱਲਵਿੰਦਰਜੀਤ ਸਿੰਘ ਨੂੰ ਚਹੁੰਣ ਵਾਲਿਆਂ ਨੇ ਹਾਜਰੀਆਂ ਭਰੀਆਂ ਤੇ ਕੁਲਵਿੰਦਰ ਜੀਤ ਸਿੰਘ ਬੰਡਾਲਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਪਰਮਾਤਮਾ ਕੁੱਲਵਿੰਦਰਜੀਤ ਸਿੰਘ ਦੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।ਸ਼ਰਧਾਂਜਲੀ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਪੱਤਰਕਾਰ ਭਾਈਚਾਰਾ ਵੀ ਹਾਜ਼ਰ ਸੀ।

# ਕਿਸਾਨਾਂ ਨਾਲ ਹੋ ਰਹੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਹੁੰਦਲ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਅਮ੍ਰਿਤਸਰ ਉਨਾਂ ਹਾਈਵੇ ਮਹਿਤਾ ਰੋਡ ਤੇ ਅੰਮ੍ਰਿਤਸਰ ਕਟੜਾ ਦਿੱਲੀ ਤੇ ਬਣ ਰਹੇ ਫੋਰ ਲਾਇਨ ਨੈਸ਼ਨਲ ਹਾਈਵੇ ਤੇ ਕਿਸਾਨਾਂ ਨੂੰ ਓਹਨਾਂ ਦੀਆਂ ਇਕਵਾਇਰ ਜਾ ਰਹੀਆਂ ਜ਼ਮੀਨਾਂ ਦਾ ਸਹੀ ਰੇਟ ਨਹੀਂ ਮਿਲ ਰਿਹਾ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਿਸਾਨ ਰੋਡ ਸੰਘਰਸ਼ ਕਮੇਟੀ ਦੇ ਰਾਜਬਿੰਦਰ ਸਿੰਘ ਹੁੰਦਲ, ਸਤਿੰਦਰਜੀਤ ਸਿੰਘ, ਨਾਨਕ ਸਿੰਘ ਨੇ ਕੇਸਰ ਇੰਡਸਟਰੀ ਨਵਾਂ ਪਿੰਡ ਵਿਖੇ ਕਿਸਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ । ਉਹਨਾਂ ਕਿਹਾ ਕਿ ਸਰਕਾਰ ਸਾਡੇ ਨਾਲ ਬਹੁਤ ਹੀ ਧੱਕਾ ਕਰ ਰਹੀ ਹੈ ਤੇ ਸਾਨੂੰ ਮਾਰਕੀਟ ਰੇਟ ਨਾਲੋਂ ਦਸ ਗੁਣਾ ਘੱਟ ਰੇਟ ਦੇ ਰਹੀ ਹੈ । ਇਸ ਮੌਕੇ ਤੇ ਕਿਸਾਨ ਆਗੂਆਂ ਨੇ ਸਰਕਾਰ ਖਿਲਾਫ ਜਬਰਦਸਤ ਨਾਅਰੇਬਾਜ਼ੀ ਵੀ ਕੀਤੀ ਤੇ ਮੁੱਖ ਮੰਤਰੀ ਭਗਵੰਤ ਮਾਨ, ਪੀਡਬਲਿਊਡੀ ਮਹਿਕਮੇ ਦੇ ਮੰਤਰੀ ਹਰਭਜਨ ਸਿੰਘ ਈਟੀਓ ਤੇ ਡੀਸੀ ਗੁਰਪ੍ਰੀਤ ਸਿੰਘ ਖਹਿਰਾ ਤੋਂ ਮੰਗ ਕੀਤੀ ਹੈ ਕਿ ਸਰਕਾਰ ਉਹਨਾਂ ਦੀਆਂ ਖੋਹੀਆਂ ਜਾ ਰਹੀਆਂ ਜ਼ਮੀਨਾਂ ਦਾ ਮਾਰਕੀਟ ਵਿੱਚ ਚੱਲ ਰਿਹਾ ਰੇਟ ਦੇਵੇ ????। ਇਸ ਮੌਕੇ ਤੇ ਹੋਰ ਵੀ ਬੁਲਾਰਿਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਗੌਰ ਨਾ ਕੀਤਾ ਤਾਂ ਉਹ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ । ਇਸ ਮੌਕੇ ਤੇ ਕੇਸਰ ਇੰਡਸਟਰੀ ਦੇ ਨਿਰਮਾਤਾ ਨਾਨਕ ਸਿੰਘ ਨਵਾਂ ਪਿੰਡ, ਡਾਕਟਰ ਤੇਜਪਾਲ ਸਿੰਘ ਸੰਧੂ, ਕੇ.ਪੀ ਸਿੰਘ ਨਵਾਂ ਪਿੰਡ, ਕੁਲਦੀਪ ਸਿੰਘ ਜੌਹਲ ਰਸੂਲਪੁਰ ਕਲਾਂ, ਗੁਰਜੀਤ ਸਿੰਘ ਰੰਧਾਵਾ ਸੈਦੋਕੇ, ਦਵਿੰਦਰਪਾਲ ਸਿੰਘ, ਭਲਵਿੰਦਰ ਸਿੰਘ, ਨਰਿੰਦਰ ਸਿੰਘ, ਜੋਗਿੰਦਰ ਸਿੰਘ ਸੈਦੋਕੇ, ਮੰਗਬੀਰ ਸਿੰਘ ਪੰਡੋਰੀ, ਸਤਿੰਦਰਜੀਤ ਸਿੰਘ ਬੰਡਾਲਾ, ਜਸ਼ਨਪ੍ਰੀਤ ਸਿੰਘ, ਹਰਜਿੰਦਰ ਸਿੰਘ, ਅਰਮਿੰਦਰਜੀਤ ਸਿੰਘ, ਸਰਦੂਲ ਸਿੰਘ, ਪਰਮਬੀਰ ਸਿੰਘ ਫਤਹਿਪੁਰ ਰਾਜਪੂਤਾਂ, ਅਮਨਪ੍ਰੀਤ ਸਿੰਘ ਛਾਪਾ, ਰਾਜਨ ਸ਼ਰਮਾ, ਪਰਮਜੀਤ ਸਿੰਘ ਵੱਲਾ ਆਦਿ ਹਾਜ਼ਰ ਸਨ।

# ਆਮ ਲੋਕਾਂ ਦਾ ਮਹਿੰਗਾਈ ਕਰਾਨ ਜੀਵਨ ਮੁਸ਼ਕਲ ਸਰਕਾਰਾਂ ਨੂੰ ਕੋਈ ਚਿੰਤਾ ਨਹੀਂ- ਜਸਵਿੰਦਰ ਔਲਖ



**ਫਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਦਿਨ ਪ੍ਰਤੀ ਦਿਨ ਵਧ ਰਹੀ ਮਹਿੰਗਾਈ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਹੇ ਹਨ ਹਰੇਕ ਵਰਗ ਦੇ ਲੋਕਾਂ ਦਾ ਕਾਰੋਬਾਰ ਡਗਮਗ ਹੋ ਚੁੱਕਾ ਹੈ ਬੁਰੀ ਤਰ੍ਹਾਂ ਪ੍ਰਭਾਵਤ ਹੋ ਚੁੱਕਾ ਹੈ ਇਕ ਤਾਂ ਕੋਰੋਨਾ ਦੀ ਆਫ਼ਤ ਨੇ ਲੋਕਾਂ ਦੇ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਤ ਕੀਤੇ ਹੋਏ ਸਨ ਆਮ ਪਬਲਿਕ ਦੀ ਰਸੋਈ ਚਲਾਉਣਾ ਮੁਸ਼ਕਿਲ ਹੋ ਗਿਆ ਸੀ ਹਰ ਰੋਜ਼ ਰਸੋਈ ਦਾ ਸਾਮਾਨ ਅਤੇ ਡੀਜ਼ਲ ਪੈਟਰੋਲ ਦੀਆਂ ਕੀਮਤਾਂ ਪ੍ਰਤੀ ਦਿਨ ਵਧ ਰਹੀਆਂ ਹਨ ਇਸ ਮੌਕੇ ਸਮਾਜ ਸੇਵੀ ਜਸਵਿੰਦਰ ਸਿੰਘ ਔਲਖ ਬਸਤੀ ਨਾਨਕਸਰ ਆਦਿ ਨੇ ਦੱਸਿਆ ਹੈ ਕਿ ਹਰ ਦਿਨ ਪ੍ਰਤੀ ਦਿਨ ਵਧ ਰਹੀ ਮਹਿੰਗਾਈ ਨੇ ਅਤੇ ਜਿਵੇਂ ਕਿ ਛੋਟੇ ਕਾਰੋਬਾਰ ਕਰਨ ਵਾਲੇ ਜਿਵੇਂ ਮਾੜੇ ਮੋਟੇ ਛੋਟੇ ਛੋਟੇ ਕਾਰੋਬਾਰ ਆਪਣੀਆਂ ਟਰੈਕਟਰ ਘਡ ੍ਰੁਕੇ ਜਾਂ ਹੋਰ ਵੀ ਕਿਸੇ ਤੋਂ ਕਮਾਈ ਦੇ ਸਾਧਨਾਂ ਜਾਂ ਕਿਸੇ ਨੇ ਮਜ਼ਦੂਰੀ ਮਿਸਤਰੀ ਦਾ ਲੇਬਰ ਦਾ ਕੰਮ ਆਦਿ ਲੈ ਕੇ ਚਲਾਏ ਹੋਏ ਸਨ ਅਤੇ ਆਪਣਾ ਘਰ ਦਾ ਗੁਜ਼ਾਰਾ ਚਲਾਉਂਦੇ ਸਨ ਹੁਣ ਵਧ ਰਹੀਆਂ ਡੀਜ਼ਲ ਦੀਆਂ ਕੀਮਤਾਂ ਤੋਂ ਇਨ੍ਹਾਂ ਦੇ ਛੋਟੇ ਮਾੜੇ ਮੋਟੇ ਛੋਟੇ ਕਾਰੋਬਾਰਾਂ ਵਾਲੇ ਵਾਲਿਆਂ ਦੇ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਤ ਹੋ ਚੁੱਕੇ ਹਨ ਅਤੇ ਸਰਕਾਰਾਂ ਨੂੰ ਕੋਈ ਚਿੰਤਾ ਨਹੀਂ ਹੈ ਇਸ ਮੌਕੇ ਜਸਵਿੰਦਰ ਸਿੰਘ ਔਲਖ ਆਦਿ ਨੇ ਸਰਕਾਰਾਂ ਤੋਂ ਮੰਗ ਕੀਤੀ ਹੈ ਕਿ ਕੇਂਦਰ ਦੀ ਸਰਕਾਰ ਅਤੇ ਪੰਜਾਬ ਸਰਕਾਰ ਹਰਰੋਜ ਰਸੋਈ ਵਿੱਚ ਵਰਤੋਂ ਆਓਣ ਵਾਲਿਆਂ ਵਸਤੂਆਂ ਅਤੇ ਡੀਜ਼ਲ ਦੀਆਂ ਕੀਮਤਾਂ ਨੂੰ ਤੁਰੰਤ ਘੱਟ ਕੀਤਾ ਜਾਵੇ ਅਤੇ ਅਤੇ ਜੋ ਆਮ ਪਬਲਿਕ ਹੈ ਉਨ੍ਹਾਂ ਨੂੰ ਕੁੱਝ ਸੁੱਖ ਦਾ ਸਾਹ ਮਿਲ ਸਕੇ ਆਪਣੇ ਘਰ ਦਾ ਗੁਜ਼ਾਰਾ ਚਲਾ ਸਕਣ ਤੇ ਆਪਣੀ ਸੁੱਖ ਦੀ ਜ਼ਿੰਦਗੀ ਬਤੀਤ ਕਰ ਸਕਣ।

# ਹਲਕਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਕੀਤਾ ਵੱਖ-ਵੱਖ ਪਿੰਡਾਂ ਦਾ ਧੰਨਵਾਦੀ ਦੌਰਾ



**ਰਾਏਕੋਟ/ਗੋਗੀ**

ਆਮ ਆਦਮੀ ਪਾਰਟੀ ਦੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਵੱਲੋਂ ਜਿੱਤਣ ਤੋਂ ਬਾਅਦ ਅੱਜ ਆਪਣੇ ਹਲਕਾ ਰਾਏਕੋਟ ਦੇ ਪਿੰਡ ਫੇਰੂਰਾਈ,ਝੋਰੜਾ,ਨੱਥੋਵਾਲ,ਜੱਟਪੁਰਾ ਸਾਹਜਹਾਨਪੁਰ,ਦੱਦਾਹੂਰ,ਜਲਾਲਦੀਵਾਲ, ਵਿਖੇ ਲੋਕਾਂ ਦਾ ਧੰਨਵਾਦ ਕਰਦੇ ਸਮੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਚੋਣਾ ਮੌਕੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਉਨ੍ਹਾਂ ਵਾਅਦਿਆਂ ਨੂੰ ਜਲਦੀ ਪੂਰਾ ਕੀਤਾ ਜਾਵੇਗਾ ਵਿਧਾਇਕ ਠੇਕੇਦਾਰ ਨੇ ਕਿਹਾ ਕਿ ਹਲਕੇ ਦੇ ਲੋਕਾਂ ਨੇ ਜੋ ਮਾਣ ਸਨਮਾਨ ਦਿੱਤਾ ਹੈ ਮੈਂ ਹਲਕੇ ਦੇ ਲੋਕਾਂ ਦਾ ਹਮੇਸ਼ਾ ਕਰਜ਼ਦਾਰ ਰਹਾਂਗਾ। ਉਹਨਾਂ ਕਿਹਾ ਕਿ ਜੋ ਵੀ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਤੋਂ ਉਮੀਦਾਂ ਹਨ ਤੇ ਮੈਂ ਉਹਨਾਂ ਉਮੀਦਾਂ ਤੇ ਹਮੇਸ਼ਾ ਖਰਾ ਉਤਰਾਂਗਾ। ਉਹਨਾਂ ਅੱਗੇ ਕਿਹਾ ਕਿ ਮੇਰਾ ਪਹਿਲਾ ਕੰਮ ਹੋਵੇਗਾ ਕਿ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਪਹਿਲਾ ਪ੍ਰਸ਼ਾਸ਼ਨ ਅਤੇ ਲੋਕਾਂ ਦੇ ਸਹਿਯੋਗ ਨਾਲ ਨਸ਼ੇ ਵੇਚਣ ਵਾਲਿਆਂ ਨੂੰ ਸਮਝਾਇਆ ਜਾਵੇਗਾ ਜੇ ਨਾ ਸਮਝੇ ਤਾਂ ਸਖਤੀ ਨਾਲ ਪੇਸ਼ ਆਇਆ ਜਾਵੇਗਾ। ਦੂਸਰਾ ਕੰਮ ਪਿਛਲੇ ਸਮੇਂ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਜੋ ਵੀ ਜੇਕਰ ਬੰਦ ਕੀਤੀਆਂ ਗਈਆਂ ਸਨ ਉਨ੍ਹਾਂ ਦੀ ਪੜਤਾਲ ਕਰਵਾ ਕੇ ਦੁਬਾਰਾ ਤੋਂ ਬਹਾਲ ਕੀਤੀਆਂ ਜਾਣਗੀਆਂ। ਉਹਨਾਂ ਇਸ ਦੌਰਾਨ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਲਿਆ ਗਿਆ 35 ਹਜ਼ਾਰ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਅਤੇ ਇੱਕ ਵਿਧਾਇਕ ਤੇ ਇੱਕ ਪੈਨਸ਼ਨ ਦਾ ਫੈਸਲਾ ਇਤਿਹਾਸਕ ਫੈਸਲਾ ਹੈ। ਉਹਨਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਇਕ ਮਿਲਣਸਾਰ ਅਤੇ ਇਮਾਨਦਾਰ ਸਖਸ਼ੀਅਤ ਹਨ ਅਤੇ ਉਨ੍ਹਾਂ ਨੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀਆਂ ਸਮੂਹ ਪਾਰਟੀਆਂ ਨੂੰ ਪਹਿਲ ਦੇ ਆਧਾਰ 'ਤੇ ਅਹਿਮੀਅਤ ਦੇ ਕੇ ਸਮੁੱਚੇ ਸਦਨ ਦਾ ਦਿਲ ਜਿੱਤਿਆ ਹੈ। ਉਨ੍ਹਾਂ ਅੱਗੇ ਕਿਹਾ ਕਿ 35 ਹਜ਼ਾਰ ਮੁਲਾਜ਼ਮ ਸਮਾਜ ਦੇ ਹਰ ਵਰਗ ਅਤੇ ਹਰ ਪਾਰਟੀ ਨਾਲ ਸਬੰਧਤ ਹਨ, ਜਿਸ ਨਾਲ ਇਸ ਫੈਸਲੇ ਨਾਲ ਸਮੂਹ ਵਰਗ ਵਿਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਮੂਹ ਪਾਰਟੀਆਂ ਨੂੰ ਨਾਲ ਲੈ ਕੇ ਪ੍ਰਗਤੀਸ਼ੀਲ ਪੰਜਾਬ ਦੀ ਸਥਾਪਨਾ ਕਰਨਗੇ,ਉਨ੍ਹਾਂ ਕਿਹਾ ਕਿ ਆਪ ਦੀ ਸਰਕਾਰ ਬਣਨ ਤੋਂ ਬਾਅਦ ਆਮ ਲੋਕਾਂ ਦੇ ਸਰਕਾਰੀ ਵਿਭਾਗਾਂ ਵਿਚ ਕੰਮ ਸੁਖਾਲੇ ਹੋਣੇ ਸ਼ੁਰੂ ਹੋ ਗਏ ਹਨ ਅਤੇ ਲੋਕਾਂ ਦਾ ਅਫਸਰਸ਼ਾਹੀ ਪ੍ਰਤੀ ਨਜ਼ਰੀਆ ਵੀ ਬਦਲ ਗਿਆ ਹੈ। ਉਹਨਾਂ ਕਿਹਾ ਕਿ ਇੱਕ ਵਿਧਾਇਕ ਦੀ ਇੱਕ ਹੀ ਪੈਨਸ਼ਨ ਦੇ ਫੈਸਲੇ ਨਾਲ ਪਿਛਲੀਆਂ ਸਰਕਾਰਾਂ ਵੱਲੋਂ ਲੁੱਟੇ ਸੂਬੇ ਦੇ ਖਜਾਨੇ ਨੂੰ ਫਿਰ ਤੋਂ ਭਰਿਆ ਜਾਵੇਗਾ। ਇਸ ਮੌਕੇ ਸੀਨੀਅਰ ਆਪ ਆਗੂ ਰਾਮ ਕੁਮਾਰ ਛਾਪਾ,ਪੀਏ ਕਮਲ ਸੁਖਾਣਾ, ਗੁਰਦੇਵ ਬਾਵਾ, ਬਿੰਦਰਜੀਤ ਸਿੰਘ ਗਿੱਲ, ਰਾਜਦੀਪ ਸਿੰਘ ਆਂਡਲੂ, ਕੁਲਦੀਪ ਸਿੰਘ ਕੱਦੂ ਜੌਹਲਾਂ, ਮਨਸਾ ਖਾਨ, ਜਗਤਾਰ ਸਿੰਘ ਤਾਰਾ ਤਲਵੰਡੀ ,ਬਹਾਦਰ ਖਾਂ ,ਹਨੀ ਗਿੱਲ, ਸਾਹਿਲ ਗੋਇਲ, ਪਾਰਸ ਜੈਨ, ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ, ਬਲਵੀਰ ਸਿੰਘ ਮਾਨ ਝੋਰੜਾ, ਕਰਮਾ ਰਾਏਕੋਟ, ਬਾਵਾ ਗਿੱਲ, ਕਾਕੂ ਸੁਧਾਰ,ਗੁਰਮਿੰਦਰ ਸਿੰਘ ਤੂਰ, ਜਗਰੂਪ ਧਾਲੀਵਾਲ,ਗੁਰਪ੍ਰੀਤ ਤਲਵੰਡੀ,ਧਰਮਿੰਦਰ ਸਿੰਘ ਛਿੰਦਾ, ਜਤਿੰਦਰ ਸਿੰਘ, ਪ੍ਰੀਤ ਰਾਏਕੋਟੀ, ਬੰਟੀ ਰਾਏਕੋਟ,ਸਿਰਾਜ ਮੁਹੰਮਦ ਆਦਿ ਹੋਰ ਵੀ ਹਾਜ਼ਰ ਸਨ।

# ਅਬ ਨਹੀਂ ਸੰਸਥਾ ਵੱਲੋਂ ਵਿਧਾਇਕ ਠੇਕੇਦਾਰ ਦਾ ਸਨਮਾਨ



**ਰਾਏਕੋਟ/ਗੋਗੀ**

ਐਨ. ਆਰ. ਆਈ ਅਤੇ ਲੋਕਲ ਧੋਖੇਬਾਜ਼ ਲਾੜੇ ਲਾੜੀਆਂ ਖ਼ਿਲਾਫ਼ ਸੰਘਰਸ਼ ਕਰਨ ਵਾਲੀ ਸੰਸਥਾ ÷ਅਬ ਨਹੀਂ ÷ਦੇ ਚੇਅਰਮੈਨ ਰਾਕੇਸ਼ ਸ਼ਰਮਾ ਵੱਲੋਂ ਆਪਣੇ ਪਿੰਡ ਟੂਸੇ ਦੀ ਟੀਮ ਸਮੇਤ ਹਲਕਾ ਰਾਏਕੋਟ ਤੋਂ ਆਮ ਆਦਮੀ ਪਾਰਟੀ ਦੇ ਨਵੇਂ ਚੁਣੇ ਗਏ ਵਿਧਾਇਕ ਹਾਕਮ ਸਿੰਘ ਠੇਕੇਦਾਰ ਦਾ ਸਨਮਾਨ ਕੀਤਾ ਗਿਆ ।ਇਸ ਮੌਕੇ ਚੇਅਰਮੈਨ ਰਾਕੇਸ਼ ਸ਼ਰਮਾ ਨੇ ਕਿਹਾ ਕਿ 1992 ਤੋਂ ਬਾਅਦ ਕਦੇ ਵੀ ਪੰਜਾਬ ਵਿਧਾਨ ਸਭਾ ਦੀ ਸੱਤਾਧਾਰੀ ਬਣੀ ਪਾਰਟੀ ਦਾ ਹਲਕਾ ਰਾਏਕੋਟ ਤੋਂ ਕੋਈ ਐਮ .ਐਲ. ਏ ਨਹੀਂ ਬਣਿਆ ਜਿਸ ਕਾਰਨ ਹਲਕੇ ਦਾ ਜੋ ਵਿਕਾਸ ਹੋਣਾ ਚਾਹੀਦਾ ਸੀ ਉਹ ਨਹੀਂ ਹੋ ਸਕਿਆ ,ਇਸ ਵਾਰ ਸੱਤਾਧਾਰੀ ਪਾਰਟੀ ਦਾ ਵਿਧਾਇਕ ਬਣਨ ਨਾਲ ਹਲਕੇ ਦਾ ਸਰਬਪੱਖੀ ਵਿਕਾਸ ਹੋਵੇਗਾ ।ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਕਿਹਾ ਕਿ ਉਹ ਹਲਕੇ ਦੇ ਵਿਕਾਸ ਕਾਰਜਾਂ @ਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਮੌਕੇ ਗੁਰਬਖ਼ਸ਼ ਸਿੰਘ ਧਾਲੀਵਾਲ ,ਗੋਪੀ ਸਰਪੰਚ ਰਾਜੋਆਣਾ , ਨਿਰਮਲ ਸਿੰਘ, ਬਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

# ਸ਼ਹਿਰ ਜੰਡਿਆਲਾ ਗੁਰੂ ਦੀ ਟਰੈਫਿਕ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਮੰਤਰੀ ਨੇ ਨਵੇਂ ਬਣ ਰਹੇ ਬਾਈਪਾਸ ਦਾ ਜਾਇਜ਼ਾ ਲਿਆ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਅੱਜ ਜੰਡਿਆਲਾ ਗੁਰੂ ਸ਼ਹਿਰ ਦੀ ਟਰੈਫਿਕ ਸਮੱਸਿਆ ਨੂੰ ਨਿਜ਼ਾਤ ਦਵਾਉਣ ਲਈ ਬਾਈਪਾਸ ਕੱਢਣ ਲਈ ਪੀ ਡਵਲਯੂ ਦੇ ਵਿਭਾਗ ਦੇ ਐਕਸੀਅਨ ਦਿਆਲ ਕੁਮਾਰ ਤੋਂ ਇਲਾਵਾ ਹੋਰ ਅਫਸਰ ਹਾਜਿਰ ਹੋਏ ਮੌਕੇ ਤੇ ਹਰਭਜਨ ਸਿੰਘ ਮੰਤਰੀ ਨਾਲ ਵਿਚਾਰ ਚਰਚਾ ਕੀਤੀ ਗਈ ਅਤੇ ਬਾਈਪਾਸ ਦਾ ਨਕਸ਼ਾ ਪੇਸ਼ ਕੀਤਾ।ਇਸ ਮੌਕੇ ਪੱਤਰਕਾਰਾਂ ਦੀ ਟੀਮ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜੰਡਿਆਲਾ ਗੁਰੂ ਸ਼ਹਿਰ ਦੀ ਟਰੈਫਿਕ ਸਮੱਸਿਆ ਬਹੁਤ ਪੁਰਾਣੀ ਹੈ।ਜੀ ਟੀ ਰੋਡ ਤੋਂ ਸ਼ੁਰੂ ਹੋ ਕੇ ਸ਼ਹਿਰ ਅੰਦਰ ਵਾਲਮੀਕਿ ਚੌਂਕ ਤੋਂ ਘਾਹ ਮੰਡੀ ,ਵੈਰੋਵਾਲ ਰੋਡ ਤੱਕ ਹਰ ਵਕਤ ਜਾਮ ਲੱਗਾ ਰਹਿੰਦਾ ਹੈ ਇਸ ਨਾਲ ਪਿੰਡਾਂ ਦੇ ਲੋਕਾਂ ਅਤੇ ਸ਼ਹਿਰ ਵਾਸੀਆਂ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਬਾਈਪਾਸ ਵੈਰੋਵਾਲ ਰੋਡ ਤੋਂ ਤਰਨ ਤਾਰਨ ਤੱਕ ਬਣਾ ਰਹੇ ਹਾਂ।ਜਿਨ੍ਹਾਂ ਲੋਕਾਂ ਨੇ ਤਰਨ ਤਾਰਨ ,ਵੈਰੋਵਾਲ ਨੂੰ ਜਾਣਾ ਹੁੰਦਾ ਉਨ੍ਹਾਂ ਨੂੰ ਸ਼ਹਿਰ ਅੰਦਰ ਆਉਣ ਦੀ ਜਰੂਰ ਨਹੀਂ ਹੋਵੇਗੀ।ਇਸ ਨਾਲ ਲੋਕਾਂ ਦਾ ਸਮਾਂ ਅਤੇ ਦੂਰੀ ਘੱਟ ਹੋਵੇਗੀ।

ਕੇਂਦਰ ਸਰਕਾਰ ਵੱਲੋ ਬਿਜਲੀ ਦੇ ਪ੍ਰੀਪੇਡ ਸਮਾਰਟ ਮੀਟਰ ਲਾਉਣ ਲਈ ਪੰਜਾਬ ਸਰਕਾਰ ਉਪਰ ਦਬਾਅ ਪਾਇਆ ਜਾ ਰਿਹਾ ਇਸ ਬਾਰੇ ਮੰਤਰੀ ਹਰਭਜਨ ਸਿੰਘ ਨੇ ਦੱਸਿਆ ਕਿ ਇਸ ਖਬਰ ਬਾਰੇ ਮੈਨੂੰ ਪਤਾ ਲੱਗਾ ਹੈ ਜਿਸ ਵਿਚ ਵੀ ਪਬਲਿਕ ਦਾ ਫਾਇਦਾ ਹੋਵੇਗਾ



ਉਸ ਬਾਰੇ ਸੋਚਾਂਗੇ।ਲੋਕਾਂ ਨੂੰ ਬਿੱਲ ਮਾਫ ਕਰਨ ਬਾਰੇ ਵੀ ਸਪੱਸ਼ਟ ਕੀਤਾ ਕਿ ਇਕ ਮਹੀਨੇ ਦੇ 300ਯੂਨਿਟ ,ਦੋ ਮਹੀਨੇ ਦੇ 600 ਯੂਨਿਟ ਤੋਂ ਉਪਰ ਜਿੰਨੇ ਜਿਆਦਾ ਯੂਨਿਟ ਖਪਤ ਹੋਣਗੇ ਉਸ ਦਾ ਬਿੱਲ ਲੋਕਾਂ ਨੂੰ ਆਵੇਗਾ। ਪੰਜਾਬ ਅੰਦਰ ਥਰਮਲ ਪਲਾਂਟਾਂ ਵਿੱਚ ਕੋਇਲੇ ਦੀ ਘਾਟ ਕਰਕੇ ਬਿਜਲੀ ਸੰਕਟ ਆ ਰਿਹਾ ਹੈ ਜਦ ਇਸ ਬਾਰੇ ਪੁੱਛਿਆ ਤਾਂ ਓਹਨਾ ਦੱਸਿਆ ਕਿ ਅਸੀਂ ਇਸ ਉਪਰ ਨਜਰ ਬਣਾਈ ਹੋਈ ਹੈ ਜਿੱਥੇ ਜਿਥੇ ਕੋਇਲੇ ਦੀ ਘਾਟ ਹੈ ਉਥੇ ਮਹਿਕਮੇ ਦੇ ਅਧਿਕਾਰੀ ਲਾ ਦਿੱਤੇ ਗਏ ਹਨ ਪੂਰੀ ਕੋਸ਼ਿਸ਼ ਹੈ ਕਿ ਪੰਜਾਬ ਅੰਦਰ ਬਿਜਲੀ ਸੰਕਟ ਨਾ ਆਉਣ ਦਿੱਤਾ ਜਾਵੇ ।ਉਨ੍ਹਾਂ ਕਿਹਾ ਕਿ ਅਉਣ ਵਾਲੇ ਸਮੇਂ ਦੌਰਾਨ ਗਰਮੀ ਵੱਧਣ ਤੇ ਝੋਨੇ ਦੀ ਬਿਜਾਈ ਵਿੱਚ ਬਿਜਲੀ ਦੀ ਵਰਤੋਂ ਹੋਰ ਵਧੇਗੀ ਬਿਜਲੀ ਦੀ ਹੋਰ ਵੀ ਖਰੀਦ ਕਰਾਂਗੇ ਅਤੇ ਕੋਇਲੇ ਦੀ ਘਾਟੱ ਵੀ ਜਲਦੀ ਪੂਰੀ ਕੀਤੀ ਜਾਵੇਗੀ।ਡੀਜ਼ਲ ਪੈਟਰੋਲ ਦੇ ਰੋਜ਼ਾਨਾ ਰੇਟ ਵੱਧਣ ਬਾਰੇ ਦੱਸਿਆ ਕਿ ਸਾਡੀ ਮੀਟਿੰਗ ਹੋ ਰਹੀ ਹੈ ਲੋਕਾਂ ਨੂੰ ਰਾਹਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਜੋ ਖ਼ਜ਼ਾਨਾ ਵਿਰਾਸਤ ਵਿੱਚ ਮਿਲਿਆ ਹੈ ਉਹ 3 ਲੱਖ ਕਰੋੜ ਰੁਪਏ ਦਾ ਹੈ ਅਸੀਂ ਹੁਣ ਸਾਰੀਆਂ ਚੀਜ਼ਾਂ ਦੇਖ ਪਰਖ ਕੇ ਸਰਕਾਰ ਚਲਾਵਾਂਗੇ। ਉਨ੍ਹਾਂ ਕਿਹਾ ਕਿ ਸਰਕਾਰ ਬਣੀ ਨੂੰ ਅਜੇ ਥੋੜੇ ਦਿਨ ਹੀ ਹੋਏ ਹਨ ਅਜੇ ਸਭ ਸਹੀ ਹੋਣ ਚ ਸਮਾਂ ਲੱਗੇਗਾ ਪਰ ਸੱਭ ਕੁੱਝ ਹੋਲੀ ਹੋਲੀ ਲਾਇਨ ਤੇ ਆ ਜਾਵੇਗਾ।ਇਸ ਮੌਕੇ ਨਰੇਸ਼ ਪਾਠਕ, ਸਰਬਜੀਤ ਸਿੰਘ ਡਿੰਪੀ, ਪਰਿਂਸ ਜੈਨ ਆਦਿ ਵੀ ਹਾਜ਼ਰ ਸਨ।

# ਪੰਚਾਇਤ ਭਵਨ ਗੁਰਦਾਸਪੁਰ ਤੋਂ ਧਾਰਮਿਕ ਤੇ ਇਤਿਹਾਸਕ ਸਥਾਨਾਂ ਦੇ ਦਰਸ਼ਨਾਂ ਲਈ ਹਫਤਾਵਾਰੀ ਵਿਸ਼ੇਸ ਬੱਸ ਰਵਾਨਾ




**ਗੁਰਦਾਸਪੁਰ/ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫਾਕ ਦੀ ਅਗਵਾਈ ਹੇਠ ਜ਼ਿਲਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ ਵਲੋਂ ਜ਼ਿਲੇ ਦੇ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਹਫਤਾਵਾਰੀ ਵਿਸ਼ੇਸ ਬੱਸ ਪੰਚਾਇਤ ਭਵਨ ਗੁਰਦਾਸਪੁਰ ਤੋਂ ਰਵਾਨਾ ਕੀਤੀ ਗਈ, ਜਿਸ ਨੂੰ ਜਤਿੰਦਰ ਮੋਹਨ ਮਹਾਜਨ ਐਕਸੀਅਨ ਪੀ.ਡਬਲਿਊ.ਡੀ ਗੁਰਦਾਸਪੁਰ ਵਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਰਘਬੀਰ ਸਿੰਘ ਬਡਵਾਲ ਸੁਪਰਡੈਂਟ, ਨਾਇਬ ਤਹਿਸੀਲਦਾਰ ਮਨੋਹਰ ਲਾਲ, ਐਸ.ਡੀ.ਓ ਲਵਜੀਤ ਸਿੰਘ, ਦਮਨਜੀਤ ਸਿੰਘ, ਇੰਚਾਰਜ ਛੋਟਾ ਘੱਲੂਘਾਰਾ ਸਮਾਰਕ, ਰਸ਼ਪਾਲ ਸਿੰਘ, ਸਤਿੰਦਰਜੀਤ ਸਿੰਘ, ਹਰਵਿੰਦਰ ਸਿੰਘ ਖਾਲਸਾ, ਹਰਦੇਵ ਸਿੰਘ, ਅਜੈ ਕੁਮਾਰ, ਇਮਾਨੂੰਏਲ ਨਾਹਰਸ ਸ਼ਤੀਸ ਕੁਮਾਰ, ਰਵਿੰਦਰ ਕੁਮਾਰ, ਪਿਯੂਸ਼ ਮਹਾਜਨ ਤੇ ਗੁਰਮੀਤ ਸਿੰਘ ਮੋਜੂਦ ਸਨ। ਇਸ ਮੌਕੇ ਗੱਲ ਕਰਦਿਆਂ ਐਕਸੀਅਨ ਮਹਾਜਨ ਨੇ ਕਿਹਾ ਕਿ ਡਿਪਟੀ ਕਮਿਸਨਰ ਗੁਰਦਾਸਪੁਰ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਵਿਸੇ ਯਾਤਰਾ ਬੱਸ ਰਾਹੀਂ ਲੋਕਾਂ ਨੂੰ ਬਹੁਤ ਸਹੂਲਤ ਮਿਲੀ ਹੈ ਅਤੇ ਲੋਕ ਪ੍ਰਸ਼ਾਸਨ ਦੇ ਇਸ ਉਪਰਾਲੇ ਤੋਂ ਖੁਸ਼ ਹਨ। ਉਨਾਂ ਕਿਹਾ ਕਿ ਗੁਰਦਾਸਪੁਰ ਜਿਲੇ ਨੂੰ ਸੈਰ ਸਪਾਟਾ ਵਜੋਂ ਪ੍ਰਫੁੱਲਤ ਕਰਨ ਲਈ ਡਿਪਟੀ ਕਮਿਸ਼ਨਰ ਵਲੋਂ ਵਿਸ਼ੇਸ ਯਤਨ ਕੀਤੇ ਗਏ ਹਨ। ਉਨਾਂ ਜ਼ਿਲਾ ਵਾਸੀਆਂ ਨੂੰ ਵਿਸ਼ੇਸ ਬੱਸਾਂ ਰਾਹੀਂ ਵੱਧ ਤੋਂ ਵੱਧ ਯਾਤਰਾ ਕਰਨ ਦੀ ਅਪੀਲ ਵੀ ਕੀਤੀ। ਮੁਫ਼ਤ ਬੱਸ ਯਾਤਰਾ ਰਾਹੀ ਯਾਤਰੀਆਂ ਨੂੰ ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਅਤੇ ਛੋਟਾ ਘੱਲੂਘਾਰਾ ਗੁਰਦੁਆਰਾ ਸਾਹਿਬ, ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਸਾਹਿਬ, ਗੁਰਦਾਸ ਨੰਗਲ, ਸ਼ਿਵ ਮੰਦਿਰ ਕਲਾਨੌਰ, ਕਰਤਾਰਪੁਰ ਕੋਰੀਡੋਰ (ਦਰਸ਼ਨ ਸਥਲ), ਗੁਰਦੁਆਰਾ ਚੋਹਲਾ ਸਾਹਿਬ ਤੇ ਗੁਰਦੁਆਰਾ ਦਰਬਾਰ ਸਾਹਿਬ, ਜੋੜਾ ਛੱਤਰਾਂ, ਬਾਵਾ ਲਾਲ ਜੀ ਦੇ ਮੰਦਰ ਧਿਆਨਪੁਰ ਤੇ ਕੈਸ਼ੋਪੁਰ ਛੰਬ ਵਿਖੇ ਲਿਜਾਇਆ ਗਿਆ। ਦੱਸਣਯੋਗ ਹੈ ਕਿ ਕਿ 31 ਜਨਵਰੀ 2021 ਨੂੰ ਗੁਰਦਾਸਪੁਰ ਅਤੇ ਬਟਾਲਾ ਤੋਂ ਵਿਸ਼ੇਸ ਬੱਸਾਂ ਚਲਾਉਣ ਦੀ ਸ਼ੁਰੂਆਤ ਕੀਤੀ ਗਈ ਸੀ। ਬਿਆਸ ਦਰਿਆ ਨੇੜਲੇ ਪਿੰਡ ਮੋਜਪੁਰ ਦੇ ਟਾਪੂਨੁਮਾ ਸਥਾਨ ਲਈ ਦੂਜੀ ਵਿਸ਼ੇਸ ਬੱਸ ਰਵਾਨਾ ਇਸੇ ਤਰਾਂ ਅੱਜ ਸਥਾਨਕ ਪੰਚਾਇਤ ਭਵਨ ਤੋਂ ਬਿਆਸ ਦਰਿਆ ਨੇੜਲੇ ਪਿੰਡ ਮੋਜਪੁਰ ਦੇ ਟਾਪੂਨੁਮਾ ਸਥਾਨ ਲਈ ਸੈਰ ਸਪਾਟਾ ਵਜੋਂ ਵਿਕਸਿਤ ਕਰਨ ਦੇ ਮੰਤਵ ਨਾਲ ਦੂਜੀ ਵਿਸ਼ੇਸ ਬੱਸ ਰਵਾਨਾ ਕੀਤੀ ਗਈ। ਅੱਜ ਦੂਜੇ ਹਫਤੇ ਜਤਿੰਦਰ ਮੋਹਨ ਮਹਾਜਨ ਐਕਸੀਅਨ ਪੀ.ਡਬਲਿਊ.ਡੀ ਗੁਰਦਾਸਪੁਰ ਅਤੇ ਉਨਾਂ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਇਸ ਸਥਾਨ ਦਾ ਦੋਰਾ ਕੀਤਾ ਗਿਆ । ਇਸ ਸਬੰਧੀ ਗੱਲ ਕਰਦਿਆਂ ਐਕਸੀਅਨ ਮਹਾਜਨ ਨੇ ਦੱਸਿਆ ਕਿ ਪਿੰਡ ਮੋਜਪੁਰ ਜੋ ਬਿਆਸ ਦਰਿਆ ਦੇ ਬਿਲਕੁਲ ਨਜ਼ਦੀਕ ਹੈ ਅਤੇ ਇਥੇ ਲੰਘਦੇ ਬਿਆਸ ਦਰਿਆ ਦੇ ਵਿਚ ਇਕ ਟਾਪੂਨੁਮਾ ਖੇਤਰ ਹੈ, ਜਿਸ ਨੂੰ ਜਿਲਾ ਪ੍ਰਸ਼ਾਸਨ ਵਲੋਂ ਸੈਰ ਸਪਾਟਾ ਵਜੋਂ ਵਿਕਸਿਤ ਕਰਨ ਲਈ ਉਪਰਾਲੇ ਕੀਤੇ ਗਏ ਹਨ। ਉਨਾਂ ਦੱਸਿਆ ਕਿ ਉਨਾਂ ਦੇ ਸਟਾਫ ਮੈਂਬਰਾਂ ਵਲੋਂ ਕਿਸ਼ਤੀ ਵਿੱਚ ਬੈਠ ਕੇ ਦਰਿਆਂ ਵਿਚਲੇ ਟਾਪੂਨੁਮਾ ਸਥਾਨ ’ਤੇ ਗਏ। ਸਾਰੇ ਮੈਂਬਰਾਂ ਵਲੋਂ ਉਥੇ ਵਧੀਆ ਪਲ ਗੁਜਾਰੇ ਤੇ ਦੁਪਹਿਰ ਦਾ ਭੋਜਨ ਵੀ ਖਾਧਾ। ਵਿਭਾਗ ਦੇ ਮੈਂਬਰਾਂ ਵਲੋਂ ਡਿਪਟੀ ਕਮਿਸ਼ਨਰ ਵਲੋਂ ਸ਼ੁਰੂ ਕੀਤੇ ਗਏ ਉਪਰਾਲੇ ਦੀ ਭਰਵੀਂ ਸ਼ਲਾਘਾ ਕੀਤੀ ਗਈ।

# ਸਰਹਿੰਦ, ਖੰਨਾ ਅਤੇ ਸਾਹਨੇਵਾਲ ਤੋਂ ਬਦਲੀਆਂ ਸੱਚਖੰਡ ਐਕਸਪੈਸ ਅਤੇ ਹੋਰ ਟਰੇਨਾਂ ਮੁੜ ਚਾਲੂ ਕਰੋ - ਡਾ: ਅਮਰ ਸਿੰਘ



**ਸ਼੍ਰੀ ਫਤਹਿਗੜ੍ਹ ਸਾਹਿਬ/ਗੁਰਭਿੰਦਰ ਗੁਰੀ**

ਸ਼੍ਰੀ ਫਤਹਿਗੜ੍ਹ ਸਾਹਿਬ ਤੋਂ ਸਾਂਸਦ ਡਾ: ਅਮਰ ਸਿੰਘ ਨੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨਾਲ ਮੁਲਾਕਾਤ ਕਰਕੇ ਸੱਚਖੰਡ ਐਕਸਪ੍ਰੈਸ ਅਤੇ ਅੰਮ੍ਰਿਤਸਰ ਬਾਂਦਰਾ ਐਕਸਪ੍ਰੈਸ, ਅੰਮ੍ਰਿਤਸਰ ਦੇਹਰਾਦੂਨ ਐਕਸਪ੍ਰੈਸ, ਜੰਮੂ ਤਵੀ, ਹੇਮਕੁੰਟ ਐਕਸਪ੍ਰੈਸ ਅਤੇ ਹੋਰ ਰੇਲ ਗੱਡੀਆਂ ਨੂੰ ਮੁੜ ਚਾਲੂ ਕਰਨ ਦੀ ਗੱਲ ਕੀਤੀ, ਇਸ ਤੋਂ ਪਹਿਲਾਂ ਲੋਕ ਸਭਾ ‘ਚ ਇਸ ਸਬੰਧੀ ਆਵਾਜ ਚੁੱਕੀ ਸੀ।

ਉਨ੍ਹਾਂ ਨੇ ਮੰਤਰੀ ਨੂੰ ਦੱਸਿਆ ਕਿ ਕੋਵਿਡ ਲਾਕਡਾਊਨ ਦੌਰਾਨ ਇਹਨਾਂ ਰੂਟਾਂ ਨੂੰ ਬਦਲ ਦਿੱਤਾ ਸੀ, ਰੇਲਵੇ ਤੇ ਅਧਿਕਾਰੀਆਂ ਨੂੰ ਵਾਰ-ਵਾਰ ਧਿਆਨ ‘ਚ ਲਿਆਉਣ ਦੇ ਬਾਵਜੂਦ ਰੇਲ ਗੱਡੀਆਂ ਨੂੰ ਮੁੜ ਚਾਲੂ ਨਹੀਂ ਕੀਤਾ ਗਿਆ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਜਦੋਂ ਵੀ ਕੋਈ ਵਿਸ਼ੇਸ਼ ਮੇਲੇ ਅਤੇ ਹੋਰ ਧਾਰਮਿਕ ਸਮਾਗਮ ਹੁੰਦੇ ਹਨ ਤਾਂ ਭਾਰਤ ਸਰਕਾਰ ਵੱਲੋਂ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਂਦੀਆਂ ਹਨ ਪਰ ਸ਼੍ਰੀ ਫਤਹਿਗੜ੍ਹ ਸਾਹਿਬ ਹਲਕੇ ਲਈ ਸਾਲਾਨਾ ਸ਼ਹੀਦੀ ਜੋੜ ਮੇਲੇ ਵਿੱਚ ਲੱਖਾਂ ਸ਼ਰਧਾਲੂਆਂ ਨੂੰ ਲਿਆਉਣ ਵਾਲੀਆਂ ਮਹੱਤਵਪੂਰਨ ਰੇਲ ਗੱਡੀਆਂ ਨੂੰ ਬਦਲ ਕੇ ਇਸ ਦੇ ਉਲਟ ਕੀਤਾ ਗਿਆ ਹੈ।

ਉਹਨਾਂ ਮੀਟਿੰਗ ‘ਚ ਰਾਏਕੋਟ ਨੂੰ ਰੇਲ ਲਾਈਨ ਨਾਲ ਜੋੜਨ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮੰਤਰੀ ਨੇ ਇਸ ਲਈ ਜਲਦੀ ਤੋਂ ਜਲਦੀ ਇੱਕ ਸੰਭਾਵਨਾ ਸਰਵੇਖਣ ਕਰਵਾਉਣ ਦਾ ਵਾਅਦਾ ਕੀਤਾ। ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਸੰਸਦ ਮੈਂਬਰ ਅਤੇ ਡਾ: ਅਮਰ ਸਿੰਘ ਨਾਲ ਮਿਲ ਕੇ ਕੰਮ ਕਰਨ ਅਤੇ ਲੋੜੀਂਦੇ ਕੰਮ ਕਰਨ ਦੇ ਨਿਰਦੇਸ਼ ਦਿੱਤੇ।

# ਆੜ੍ਹਤੀਆਂ ਦੀ ਜਾਇਜ ਮੰਗ ਦਾ ਹੀ ਸਾਥ ਦਿਤਾ ਜਾਵੇਗਾ ਗਲਤ ਕੰਮ ਕਰਕੇ ਐਸੋਸੀਏਸ਼ਨ ਤੋਂ ਹਮਾਇਤ ਦੀ ਆਸ ਨਾਂ ਰੱਖੀ ਜਾਵੇ



**ਜਗਰਾਉ/ਅਰਜੁਨ ਸਹਿਜਪਾਲ**

ਸਮੂਹ ਆੜ੍ਹਤੀ ਸਾਹਿਬਾਨ ਜਗਰਾਉਂ ਮੰਡੀ ਦੀ ਕਾਰਜਕਾਰਨੀਂ ਦੀ ਮੀਟਿੰਗ ਅੱਜ ਮਾਰਕੀਟ ਕਮੇਟੀ ਜਗਰਾਉਂ ਵਿਖੇ ਹੋਈ ਜਿਸ ਵਿਚ ਸ੍ਰੀ ਰੋਮੇਸ਼ ਜੈਨ ਉਰਫ ਮਹੇਸ਼ਾ ਅ ਤੇ ਸ.ਬਲਵਿੰਦਰ ਸਿੰਘ ਗਰੇਵਾਲ (ਜੌਹਲ) ਨੂੰ ਉਹਨਾਂ ਵੱਲੋਂ ਮੰਡੀ ਦੇ ਕੰਮਾਂ ਵਿਚ ਦਿੱਤੇ ਉਸਾਰੂ ਸਹਿਯੋਗ ਕਾਰਨ ਸਤਿਕਾਰ ਵਜੋਂ ਮਹੇਸ਼ੇ ਨੂੰ ਵਾਈਸ ਪਰਧਾਨ ਅਤੇ ਜੌਹਲ ਨੂੰ ਸਕੱਤਰ ਦੇ ਅਹੁੱਦਿਆਂ ਤੇ ਸਿਰੋਪੋ ਦੇ ਕੇ ਨਿਵਾਜਿਆ ਗਿਆ। ਉਪਰੰਤ ਕਣਕ ਖਰੀਦ ਸੀਜਨ ਨੂੰ ਮੁੱਖ ਰਖਦਿਆਂ ਸ.ਜਸਪਾਲ ਸਿੰਘ ਇੰਨਸਪੈਕਟਰ 463-ਸ.ਹਰਪਰੀਤ ਸਿੰਘ ਪਨਸਪ -ਸ.ਜਸਵੰਤ ਸਿੰਘ ਮੈਨੇਜਰ ਮਾਰਕਫੈੱਡ ਅਤੇ ਸ.ਅਵਤਾਰ ਸਿੰਘ ਮੰਡੀ ਸੁਪਰ ਵਾਈਜਰ ਅਤੇ ਵਿੱਕੀ ਠੇਕੇਦਾਰ ਟਰਾਂਸਪੋਰਟੇਸ਼ਨ ਨਾਲ ਮੰਡੀ ਚ ਕਣਕ ਦੀ ਖਰੀਦ ਸਬੰਧੀ ਵਿਚਾਰ ਚਰਚਾ ਤੋਂ ਸਹਿਮਤੀ ਬਣੀਂ ਕਿ1. ਬਾਰਦਾਨਾਂ ਮੁੱਖ ਮੰਡੀ ਵਿਚ ਆੜ੍ਹਤੀ ਦੇ ਵਿੱਤ ਅਤੇ ਵਿਹਾਰ ਮੁਤਾਬਕ ਵੱਧ ਤੋਂ ਵੱਧ ਕਣਕ ਦੀ ਖਰੀਦ ਲਈ ਆੜ੍ਹਤੀ ਨੂੰ ਦੇ ਫਿ ਦ ਤ ।
ਜਾਵੇ ਗਾ
ਬ ਸ਼ ਰ ਤੇ
ਫਿ ਕ
ਆੜ੍ਹਤੀ ਬਾਰਦਾਨਾਂ ਮੰਡੀਉਂ ਬਾਹਰ ਕਿਸੇ ਹੋਰ ਮੰਡੀ ਜਾਂ ਕਿਸੇ ਹੋਰ ਏਜੰਸੀ ਲਈ ਨਾਂ ਵਰਤੇ ।2. ਕਣਕ ਦੀ ਭਰਾਈ ਤੋਂ ਪਹਿਲਾਂ ਪੱਖਾ ਲਾਉਣ / ਸਫਾਈ ਦੀ ਜਿੰਵੇਂਵਾਰੀ ਆੜ੍ਹਤੀ ਦੀ ਹੋਵੇਗੀ ਕਿਉਂਕਿ ਇਸ ਵਾਰ ਸਾਰੀ ਖਰੀਦੀ ਹੋਈ ਕਣਕ ਸਿੱਧੀ ਰਲਵੇ ਸਪੈਸ਼ਲ ਵਿਚ ਲੋਢ ਹੋਣੀਂ ਹੈ। ਇਸ ਲਈ ਸਫਾਈ ਕਾਰਨ ਜਾਂ ਸ਼ਾਰਟੇਜ ਜੇ ਕੋਈ ਹੋਵੇ ਤਾਂ ਜਿੰਵੇਵਾਰੀ ਆੜ੍ਹਤੀ ਦੀ ਹੋਵੇਗੀ ਸੋ ਸਫਾਈ ਅਤੇ ਤੋਲ/ਵਜਨ ਦਾ ਉਲਾਂਭਾ ਨਹੀਂ ਆਉਣਾਂ ਚਾਹੀਦਾ ।3. ਕੋਈ ਵੀ ਆੜ੍ਹਤੀ ਕੰਡਾ ਕਰਵਾਕੇ ਕਣਕ ਨਹੀਂ ਲੁਹਾਏਗਾ ਕੰਡੇ ਦੀ ਨਿਗਰਾਨੀਂ ਐਸੋਸੀਏਸ਼ਨ ਵੱਲੋਂ ਲੁਕਵੇਂ ਤੌਰ ਤੇ ਕੀਤੀ ਜਾਵੇਗੀ ਤੇ ਕਿਸੇ ਆੜ੍ਹਤੀ ਵੱਲੋਂ ਉਲੰਘਣ ਕਰਨ ਤੇ ਸ਼ਕਾਇਤ ਕਮੇਟੀ ਕੋਲ ਕੀਤੀ ਜਾਵੇਗੀ ਫੇਰ ਕੋਈ ਅੜ੍ਹਤੀ ਗੁੱਸਾ ਨਾਂ ਕਰੇ। ਕਣਕ ਮੰਡੀ ਵਿਚ ਢੇਰੀ ਕਰਕੇ ਬਕਾਇਦਾ ਪੱਖਾ ਲਾਕੇ ਵੇਚੀ ਜਾਵੇ ਤੇ ਭਰੀ ਜਾਵੇ ।

# ਵਿਧਾਇਕ ਦਲਜੀਤ ਸਿੰਘ ਗਰੇਵਾਲ ਨੇ ਡਿਪਟੀ ਕਮਿਸ਼ਨਰ ਕੋਲ ਉਠਾਇਆ ਨੈਸ਼ਨਲ ਹਾਈਵੇ ਤੇ ਟਿੱਬਾ ਰੋਡ-ਤਾਜਪੁਰ ਰੋਡ ਪੁਲ ਦਾ ਮਸਲਾ



**ਲੁਧਿਆਣਾ/ਸੁਖਚੈਨ ਮਹਿਰਾ**

ਲੁਧਿਆਣਾ (ਪੂਰਬੀ) ਦੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਨੇ ਅੱਜ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਕੋਲ ਨੈਸ਼ਨਲ ਹਾਈਵੇ @ਤੇ ਉਸਾਰੀ ਅਧੀਨ ਟਿੱਬਾ ਰੋਡ-ਤਾਜਪੁਰ ਰੋਡ ਪੁਲ ਦਾ ਮੁੱਦਾ ਉਠਾਇਆ। ਵਿਧਾਇਕ ਨੇ ਅੱਜ ਇੱਥੇ ਡਿਪਟੀ ਕਮਿਸ਼ਨਰ ਨਾਲ ਉਨ੍ਹਾਂ ਦੇ ਦਫ਼ਤਰ ਵਿੱਚ ਮੀਟਿੰਗ ਕੀਤੀ। ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਇਸ ਪੁਲ ਦੇ ਨਿਰਮਾਣ ਵਿੱਚ ਤੇਜ਼ੀ ਲਿਆਉਣ ਲਈ ਡੀਸੀ ਨੂੰ ਇਸ ਸਬੰਧੀ ਨੈਸ਼ਨਲ ਹਾਈਵੇਜ਼ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ.) ਦੇ ਸੀਨੀਅਰ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਬੁਲਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪੁਲ ਦੇ ਨਿਰਮਾਣ ਦੀ ਰਫ਼ਤਾਰ ਮੱਠੀ ਹੋਣ ਕਾਰਨ ਸਾਰਾ ਇਲਾਕਾ ਆਵਾਜਾਈ ਦੀ ਸਮੱਸਿਆ ਦਾ ਸਾਹਮਣਾ ਕਰਦਾ ਹੈ, ਜਿਸ ਕਾਰਨ ਸਮੇਂ ਦੀ ਬਰਬਾਦੀ ਹੁੰਦੀ ਹੈ ਅਤੇ ਕਈ ਵਾਰ ਹਾਦਸੇ ਵੀ ਵਾਪਰ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਨ ਵੱਲ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਕਈ ਹੋਰ ਵਿਕਾਸ ਸਬੰਧੀ ਮੁੱਦੇ ਵੀ ਡਿਪਟੀ ਕਮਿਸ਼ਨਰ ਕੋਲ ਉਠਾਏ। ਡਿਪਟੀ ਕਮਿਸ਼ਨਰ ਨੇ ਵਿਧਾਇਕ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ ਅਤੇ ਕਿਹਾ ਹੈ ਕਿ ਜਲਦੀ ਹੀ ©819 ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਜਾਵੇਗੀ।

# ਬੁਲੇਟ ਦੇ ਪਟਾਕੇ ਮਾਰਨ ਵਾਲਿਆਂ ਦੀ ਖੈਰ ਨਹੀਂ, ਤੁਰੰਤ ਕੀਤੀ ਜਾਵੇਗੀ ਕਾਰਵਾਈ



**ਜਗਰਾਓਂ/ਅਰਜੁਨ ਸਹਿਜਪਾਲ**

ਸ਼ਹਿਰ ਦੀਆਂ ਸੜਕਾਂ @ਤੇ ਤੇਜ਼ ਰਫ਼ਤਾਰ ਬੁਲੇਟ @ਤੇ ਪਟਾਕੇ ਮਾਰਨ ਦੇ ਵੱਧ ਰਹੇ ਮਾਮਲਿਆਂ ਖ਼ਿਲਾਫ਼ ਆਖਿਰਕਾਰ ਟੈ ?ਫਿਕ ਪੁਲਿਸ ਸੜਕਾਂ @ਤੇ ਉਤਰੀ। ਪੁਲਿਸ ਨੇ ਅਜਿਹੇ ਬੁਲੇਟ ਚਾਲਕਾਂ ਖ਼ਿਲਾਫ਼ ਸਖਤੀ ਨਾਲ ਪੇਸ਼ ਆਉਂਦਿਆਂ ਇਨ੍ਹਾਂ ਨੂੰ ਘੇਰ ਕੇ ਚਲਾਨ ਕੱਟੇ। ਟੈ ?ਫਿਕ ਇੰਚਾਰਜ ਜਰਨੈਲ ਸਿੰਘ ਖੁਦ ਪੁਲਿਸ ਪਾਰਟੀ ਸਮੇਤ ਦਿਨ ਚੜ੍ਹਦਿਆਂ ਹੀ ਸ਼ਹਿਰ ਦੀਆਂ ਸੜਕਾਂ ਖਾਸ ਕਰ ਸਕੂਲਾਂ ਤੇ ਕਾਲਜਾਂ ਵਾਲੇ ਰਸਤਿਆਂ @ਤੇ ਨਾਕਾਬੰਦੀ ਕਰ ਰਹੇ ਹਨ। ਇਸੇ ਨਾਕਾਬੰਦੀ ਤਹਿਤ ਅੱਜ ਸ਼ਹਿਰ ਦੀਆਂ ਵੱਖ ਵੱਖ ਸੜਕਾਂ @ਤੇ ਪੁਲਿਸ ਪਾਰਟੀ ਵੱਲੋਂ ਬੁਲੇਟ ਮੋਟਰਸਾਈਕਲ @ਤੇ ਗੇੜੀਆਂ ਮਾਰਦੇ, ਪਟਾਕੇ ਮਾਰਦੇ ਅਤੇ ਤਿੰਨ ਤਿੰਨ ਸਵਾਰਾਂ ਨੂੰ ਘੇਰ ਕੇ ਉਨਾਂ ਦੇ ਚਲਾਨ ਕੱਟੇ ਗਏ। ਇਸ ਮੌਕੇ ਡੇਲੀ ਲੋਕ ਬਾਣੀ ਦੀ ਟੀਮ ਨਾਲਾ ਗਲਬਾਤ ਕਰਦਿਆਂ ਟੈ ?ਫਿਕ ਇੰਚਾਰਜ ਜਰਨੈਲ ਸਿੰਘ ਨੇ ਕਿਹਾ ਕਿ ਬੁਲੇਟ ਮੋਟਰਸਾਈਕਲਾਂ @ਤੇ ਪਟਾਕੇ ਮਾਰ ਕੇ ਆਮ ਜਨਤਾ ਨੂੰ ਪਰੇਸ਼ਾਨ ਕਰਨ ਵਾਲੇ ਮੋਟਰਸਾਈਕਲ ਚਾਲਕਾਂ ਨੂੰ ਕਿਸੇ ਵੀ ਹਾਲ @ਚ ਬਖਸ਼ਿਆ ਨਹੀਂ ਜਾਵੇਗਾ। ਅੱਜ ਵਾਂਗ ਹੀ ਰੋਜ਼ਾਨਾ ਚਲਾਨ ਕੱਟੇ ਜਾਣਗੇ ਤੇ ਬਿਨਾਂ ਕਾਗਜ਼ਾਤ ਵਹੀਕਲ ਲੈ ਕੇ ਘੁੰਮਣ ਵਾਲਿਆਂ ਦੇ ਵਹੀਕਲ ਜਬਤ ਕੀਤੇ ਜਾਣਗੇ। ਉਨ੍ਹਾਂ ਇਸ ਦੇ ਨਾਲ ਹੀ ਜਗਰਾਓਂ ਦੇ ਕਮਲ ਚੌਂਕ, ਲਾਜਪਤ ਰਾਏ ਰੋਡ, ਪੁਰਾਣੀ ਦਾਣਾ ਮੰਡੀ, ਪੁਰਾਣੀ ਸਬਜ਼ੀ ਮੰਡੀ ਸੜਕਾਂ @ਤੇ ਦੁਕਾਨਾਂ ਅੱਗੇ ਨਾਜਾਇਜ਼ ਸਮਾਨ ਰੱਖਣ ਵਾਲਿਆਂ ਤੇ ਇਨ੍ਹਾਂ ਸੜਕਾਂ @ਤੇ ਹੀ ਰਸਤਿਆਂ @ਚ ਗੱਡੀਆਂ ਖੜੀਆਂ ਕਰਨ ਵਾਲਿਆਂ ਨੂੰ ਵੀ ਚਿਤਾਵਨੀ ਦਿੱਤੀ ਕਿ ਉਨ੍ਹਾਂ ਦੇ ਮੁੜ ਅਜਿਹਾ ਕਰਨ @ਤੇ ਚਲਾਨ ਕੱਟੇ ਜਾਣਗੇ।

# ਡਿਪਟੀ ਕਮਿਸ਼ਨਰ ਵੱਲੋਂ ਪੀ.ਐਸ.ਪੀ.ਸੀ.ਐਲ ਦੇ ਸਾਹਮਣੇ ਬਣਾਏ ਜਾ ਰਹੇ ਪਾਰਕ 'ਚ ਪੌਦੇ ਲਗਾਉਣ ਦੀ ਸ਼ੁਰੂਆਤ

**ਫਾਜ਼ਿਲਕਾ/ਗੌਰਵ ਸ਼ਰਮਾ**

ਪ੍ਰਦੂਸ਼ਣ ਮੁਕਤ ਵਾਤਾਵਰਣ ਨੂੰ ਸਿਰਜਣ ਅਤੇ ਆਲਾ-ਦੁਆਲਾ ਹਰਿਆ-ਭਰਿਆ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਤੇ ਵੱਖ-ਵੱਖ ਐਨ.ਜੀ.ਓ ਦੇ ਸਹਿਯੋਗ ਨਾਲ ਸਾਰਥਕ ਹੰਭਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਪੀ.ਐਸ.ਪੀ.ਸੀ.ਐਲ ਦੇ ਸਾਹਮਣੇ ਪਾਰਕ ਬਣਾਇਆ ਜਾ ਰਿਹਾ ਹੈ ਜਿਸ ਦੀ ਸ਼ੁਰੂਆਤ ਹੋ ਚੁੱਕੀ ਹੈ। ਪਾਰਕ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ ਜਿਸ ਵਿਚ ਡੇਰਾ ਸੱਚਾ ਸੌਦਾ ਨੂੰ ਇਕ ਭਾਗ ਦਿੱਤਾ ਗਿਆ ਹੈ। ਅੱਜ ਇਥੇ ਡਿਪਟੀ ਕਮਿਸ਼ਨਰ ਸ੍ਰੀਮਤੀ ਬਬੀਤਾ ਕਲੇਰ ਵੱਲੋਂ ਡੇਰਾ ਸੱਚਾ ਸੌਦਾ ਵੱਲੋਂ ਤਿਆਰ ਕੀਤੇ ਆਪਣੇ ਭਾਗ ਵਿਚ ਪੌਦੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਰਾ ਸੱਚਾ ਸੌਦਾ ਵੱਲੋਂ ਵਿਸ਼ੇਸ਼ ਪਹਿਲਕਦਮੀਆਂ ਕਰਦਿਆਂ ਜਮੀਨ ਨੂੰ ਪੌਦੇ ਲਗਾਉਣ ਲਈ ਤਿਆਰ ਕੀਤਾ ਗਿਆ ਸੀ।ਉਨ੍ਹਾਂ ਕਿਹਾ ਕਿ ਇਸ ਭਾਗ ਵਿਚ ਕਾਫੀ ਵੱਡੀ ਗਿਣਤੀ ਵਿਚ ਪੌਦੇ ਲਗਾਏ ਜਾਣੇ ਹਨ ਜਿਸ ਦੀ ਸ਼ੁਰੂਆਤ ਅੱਜ ਹੋਈ ਹੈ।ਉਨ੍ਹਾਂ ਕਿਹਾ ਕਿ ਪੌਦੇ ਲਗਣ ਨਾਲ ਜਿਥੇ ਇਹ ਜਗ੍ਹਾ ਜੰਗਲ ਦਾ ਰੂਪ ਧਾਰ ਲਵੇਗੀ ਉਥੇ ਪ੍ਰਦੂਸ਼ਣ ਮੁਕਤ ਵਾਤਾਵਰਣ ਦੀ ਸਿਰਜਣਾ ਹੋਵੇਗੀ ਅਤੇ ਆਲੇ-ਦੁਆਲੇ ਸ਼ੁੱਧ ਹਵਾ ਵੀ ਮਿਲੇਗੀ।ਉਨ੍ਹਾਂ ਡੇਰ ਸੱਚਾ ਸੌਦਾ ਦੀ ਗ੍ਰੀਨ ਐਸ ਵੇਲਫੇਅਰ ਫੋਰਸ ਅਤੇ ਸੇਵਾਦਾਰ ਦੀ ਵਰਦੀ ਵਾਲੇ ਵਲੰਟੀਅਰਜ਼ ਦੀ ਸਰਾਹਣਾ ਕੀਤੀ ਜਿਨ੍ਹਾਂ ਵੱਲੋਂ ਇਸ ਥਾਂ ▾ਤੇ ਪੌਦੇ ਲਗਾਉਣ ਵਿਚ ਆਪਣਾ ਕਾਫੀ ਸਹਿਯੋਗ ਦਿੱਤਾ ਗਿਆ ਹੈ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਹਰੇਕ ਵਿਅਕਤੀ ਨੂੰ ਇਕ-ਇਕ



ਪੌਦਾ ਲਗਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪੌਦਾ ਲਗਾਉਣ ਨਾਲ ਸਾਡਾ ਫਰਜ ਪੂਰਾ ਨਹੀਂ ਹੁੰਦਾ, ਪੌਦੇ ਦੀ ਸਾਂਭ-ਸੰਭਾਲ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੌਦੇ ਲਗਾਉਣ ਨਾਲ ਆਕਸੀਜਨ ਦੀ ਮਾਤਰਾ ਭਰਪੂਰ ਹੋਵੇਗੀ ਅਤੇ ਅਸੀਂ ਤੰਦਰੁਸਤ ਰਹਾਂਗੇ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਵਿਚ ਹਰੇਕ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਆਲਾ ਦੁਆਲਾ ਸਾਫ-ਸੁਥਰਾ ਰੱਖਣ ਵਿਚ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲਗਭਗ 9 ਏਕੜ ਵਿੱਚ ਬਣਨ ਵਾਲੇ ਇਸ ਪਾਰਕ ਨੂੰ ਮੀਆਂਵਾਕੀ ਤਕਨੀਕ ਨਾਲ ਵਿਕਸਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪਾਰਕ ਨੂੰ ਮੰਡੀ ਬੋਰਡ, ਨਗਰ ਕੌਂਸਲ ਫਾਜ਼ਿਲਕਾ, ਖੇਤੀਬਾੜੀ ਵਿਭਾਗ ਅਤੇ ਵੱਖ-ਵੱਖ ਐਨੀਜੀ.ਓ ਦੇ ਸਹਿਯੋਗ ਨਾਲ ਬਣਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸ੍ਰੀ ਵਿਕਰਮ ਅਹੂਜਾ ਦੀ ਐਨਜੀਓ ਵੱਲੋਂ ਪਲਾਨਿੰਗ ਅਤੇ ਪਾਰਕ ਬਣਾਉਣ ਦੇ ਕੰਮ ਵਿਚ ਹੋਰ ਮਾਰਗਦਰਸ਼ਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪਾਰਕ ਵਿਚ ਜਿਥੇ ਵੱਖ-ਵੱਖ ਤਰ੍ਹਾਂ ਦੇ ਪੌਦੇ ਹੋਣਗੇ ਉਥੇ ਇਸ ਪਾਰਕ ਵਿਚ ਲੋਕ ਸੈਰ ਵੀ ਕਰ ਸਕਣਗੇ।

ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਡੇਰਾ ਸੱਚਾ ਸੌਦਾ ਤੋਂ ਸ੍ਰੀ ਸੁਭਾਸ਼ ਛਾਬੜਾ 25 ਮੈਂਬਰ, ਸ੍ਰੀ ਪ੍ਰੇਮ ਚੰਦ ਬਲਾਕ ਭੰਗੀ ਦਾਸ, ਸ੍ਰੀ ਅਸ਼ੋਕ ਕੁਮਾਰ 15 ਮੈਂਬਰ, ਸਾਈ ਦਾਸ ਠਕਰਾਲ 15 ਮੈਂਬਰ, ਬਿਟੂ ਕੁਮਾਰ ਸ਼ਹਿਰੀ ਭੰਗੀ ਦਾਸ, ਹਰਨਾਮ ਚੰਦ 15 ਮੈਂਬਰ, ਦਰਸ਼ਨ ਸਿੰਘ 15 ਮੈਂਬਰ, ਸ੍ਰੀ ਵਿਪਨ ਕੁਮਾਰ, ਸੁਜਾਨ ਭੈਣਾ ਅਤੇ ਹੋਰ ਸਾਧ ਸੰਗਤ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ।

## ਚੀਕੂ ਖਾਉ , ਚੀਕੂ ਖਾਉ ,



ਸਿਹਤ ਆਪਣੀ ਤੰਦਰੁਸਤ ਬਣਾਓ ,
ਮਿੱਠਾ - ਮਿੱਠਾ ਚੀਕੂ ਖਾਉ ,
ਨਾਲ਼ੇ ਮਿੱਠਾ ਬੋਲੀ ਜਾਓ ,
ਸ਼ੂਗਰ ਵਾਲੇ ਦੂਰ ਰਹੋ ,
ਬਾਕੀ ਸਾਰੇ ਰੱਜ ਕੇ ਖਾਓ ,
ਮੈਂ ਵੀ ਖਾਂਦਾ ਤੁਸੀਂ ਵੀ ਖਾਓ ,
ਸਿਹਤ ਆਪਣੀ ਖ਼ੂਬ ਬਣਾਓ ,
ਚੀਕੂ - ਖਾਉ , ਚੀਕੂ ਖਾਉ ,
ਮਿੱਠਾ - ਮਿੱਠਾ ਚੀਕੂ ਖਾਉ। ÷

ਅਦਿੱਤਿਆਪ੍ਰੀਤ ਸਿੰਘ , ਜਮਾਤ : ਤੀਸਰੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ,
**ਸਿੱਖਿਆ ਬਲਾਕ : ਸ੍ਰੀ ਅਨੰਦਪੁਰ ਸਾਹਿਬ ,**
**ਜ਼ਿਲ੍ਹਾ : ਰੂਪਨਗਰ ( ਪੰਜਾਬ )**
**ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ**



# ਕੌਮੀ ਸਹੀਦ ਦੀਪ ਸਿਧੂ ਦੇ ਜਨਮ ਦਿਨ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਕੈਂਪ ਲਾਇਆ






## ਕੌਮਾਂ ਸਹੀਦਾਂ ਦੀ ਸਹਾਦਤ ਦੀ ਰੌਸਨੀ ਵਿੱਚ ਆਪਣੀ ਮੰਜ਼ਿਲ ਤਹਿ ਕਰਦੀਆਂ ਹਨ- ਜੱਥੇ: ਨਿਮਾਣਾ

**ਲੁਧਿਆਣਾ/ਕਰਨੈਲ ਸਿੰਘ ਐਮ.ਏ**

ਪਿੰਡ ਹਰਨਾਮ ਪੂਰਾ ਦੀ ਗ੍ਰਾਮ ਪੰਚਾਇਤ,ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਦੱਖਣੀ ਬਾਈਪਾਸ ਸਥਿੱਤ ਨਹਿਰ ਤੇ ਪੁਲ ਹਰਨਾਮਪੁਰਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਪਾਠ ਸਰਬੱਤ ਦੇ ਭਲੇ ਲਈ ਸਰਪੰਚ ਸੁੱਖਵਿੰਦਰ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਇਸ ਮੌਕੇ ਤੇ ਭਾਈ ਘਨ੍ਹਈਆ ਜੀ ਮਿਸਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 517ਵਾਂ ਮਹਾਨ ਖੂਨਦਾਨ ਕੈਂਪ ਕੌਮੀ ਸਹੀਦ ਸੰਦੀਪ ਸਿੰਘ (ਦੀਪ ਸਿੱਧੂ) ਦੇ ਜਨਮ ਦਿਨ ਨੂੰ ਸਮਰਪਿਤ ਜਤਿੰਦਰ ਸਿੰਘ ਹੈਪੀ ਦੇ ਸਹਿਯੋਗ ਲਗਾਇਆ ਗਿਆ। ਇਸ ਖੂਨਦਾਨ ਕੈਂਪ ਉਦਘਾਟਨ ਕਰਨ ਸਮੇਂ ਭਾਈ ਘਨਈਆ ਜੀ ਮਿਸਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇ: ਤਰਨਜੀਤ ਸਿੰਘ ਨਿਮਾਣਾ ਨੇ ਕੌਮੀ ਸਹੀਦ ਦੀਪ ਸਿੱਧੂ ਦੇ ਜਨਮ ਦਿਨ ਨੂੰ ਸਮਰਪਿਤ ਪਿੰਡ ਹਰਨਾਮ ਪੂਰਾ ਦੇ ਨੌਜਵਾਨਾਂ ਵਲੋਂ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖੂਨਦਾਨ ਕੈਂਪ ਦੀ ਸਲਾਘਾ ਕਰਦਿਆਂ ਕਿਹਾ ਕਿ ਸਹੀਦ ਕਿਸੇ ਵੀ ਕੋਮ ਦਾ ਸਰਮਾਇਆ ਹੁੰਦੇ ਹਨ ਕੋਮਾ ਸਹੀਦਾਂ ਦੀ ਸਹਾਦਤ ਦੀ ਰੋਸਨੀ ਵਿੱਚ ਅਪਣੀ ਮੰਜਲ ਤਹਿ ਕਰਦੀਆਂ ਹਨ ਅਤੇ ਕੋਮ ਦੇ ਸਹੀਦਾਂ ਦੀ ਲੜੀ ਵਿੱਚ ਇਕ ਨਾਮ ਸਨਦੀਪ ਸਿੰਘ (ਦੀਪ ਸਿੱਧੂ) ਦਾ ਹੈ। ਇਸ ਮੌਕੇ ਤੇ ਜੱਥੇ: ਨਿਮਾਣਾ ਨੇ ਖੂਨਦਾਨ ਕਰਨ ਵਾਲੇ ਨੌਜਵਾਨਾਂ ਨੂੰ ਪਰਮਾਣ ਪੱਤਰ ਅਤੇ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਸੁਸਾਇਟੀ ਦੇ ਸੇਵਾਦਾਰ ਜਤਿੰਦਰ ਸਿੰਘ ਹੈਪੀ ਅਤੇ ਮਨਪ੍ਰੀਤ ਸਿੰਘ ਕਾਲਾ ਨੇ ਦਸਿਆ ਕਿ ਕੈਂਪ ਦੌਰਾਨ 60 ਬਲੱਡ ਯੂਨਿਟ ਗੁਰਦੇਵ ਹਸਪਤਾਲ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜਾਂ ਨੂੰ ਨਿਸਕਾਮ ਰੂਪ ਵਿਚ ਲੈਕੇ ਦਿਤਾ ਜਾਵੇਗਾ।ਇਸ ਮੌਕੇ ਤੇ ਗ੍ਰੰਥੀ ਭਾਈ ਜਸਪਾਲ ਸਿੰਘ ਜੱਸਾ,ਕਾਰਜ ਸਿੰਘ, ਦਿਲਬਾਗ ਸਿੰਘ, ਹਰਪ੍ਰੀਤ ਸਿੰਘ ਸੰਨੀ,ਸ ਗੁਰਦੀਪ ਸਿੰਘ ਪ੍ਰਧਾਨ, ਸੁਖਵਿੰਦਰ ਸਿੰਘ ਪ੍ਰਧਾਨ, ਸੁਖਵਿੰਦਰ ਸਿੰਘ ਸਰਪੰਚ ਮਨਪ੍ਰੀਤ ਸਿੰਘ,ਕ੍ਰਿਸਨ ਸਿੰਘ,ਗੁਰਦੀਪ ਸਿੰਘ,ਮਨਪ੍ਰੀਤ ਸਿੰਘ ,ਅਮਨਦੀਪ ਸਿੰਘ,ਰਵੀ ਚਹਿਲ ਹਜਾਰ ਸਨ।

## ਪਿਸਤੌਲ ਨਾਲ ਫਾਇਰ ਕਰਕੇ ਕਾਰ ਖੋਈ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਜੰਡਿਆਲਾ ਗੁਰੂ ਅਤੇ ਨਾਲ ਲਗਦੇ ਇਲਾਕੇ ਵਿੱਚ ਨਿੱਤ ਹੋ ਰਹੀਆਂ ਵਾਰਦਾਤਾਂ ਅਤੇ ਹੋ ਰਹੀਆਂ ਚੋਰੀਆਂ ਨਾਲ ਲੋਕਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ।ਐਤਵਾਰ ਦੀ ਰਾਤ ਨੂੰ ਲਗਭਗ ਪੌਣੇ ਦਸ ਵਜੇ ਜੀ ਟੀ ਰੋਡ ਟੌਲ ਪਲਾਜ਼ਾ ਦੇ ਨਜਦੀਕ ਲੁਟੇਰਿਆਂ ਵਲੋਂ ਪਿਸਤੌਲ ਦੇ ਫਾਇਰ ਕਰਕੇ ਇਕ ਕਾਰ ਖੋਹ ਲਈ ਅਤੇ ਕਾਰ ਲੈ ਭੱਜ ਗਏ।ਕਾਰ ਸਵਾਰ ਕੁਲਵਿੰਦਰ ਸਿੰਘ ਵਾਸੀ ਲੁਧਿਆਣਾ ਨੇ ਦੱਸਿਆ ਕਿ ਉਹ ਅਤੇ ਉਹਨਾ ਦੀ ਪਤਨੀ ਅੰਮ੍ਰਿਤਸਰ ਤੋਂ ਆਪਣੇ ਘਰ ਲੁਧਿਆਣਾ ਵਲ ਜਾ ਰਿਹਾ ਸੀ ਕੇ ਟੋਲ ਪਲਾਜ਼ਾ ਤੋਂ ਅੱਗੇ ਆ ਕੇ ਸਬਵੇ ਤੇ ਕੋਈ ਖਾਣ ਵਾਸਤੇ ਲੈਣ ਲਈ ਕਾਰ ਖੜੀ ਕਰਕੇ ਆਪਣੀ ਪਤਨੀ ਨੂੰ ਕਾਰ ਵਿੱਚ ਹੀ ਛੱਡ ਕੇ ਜਿਉਂ ਹੀ ਅੰਦਰ ਗਿਆ ਕੇ ਦੋ ਨੌਜਵਾਨਾਂ ਨੇ ਕਾਰ ਦੇ ਲਾਗੇ ਆਣ ਕੇ ਪਿਸਤੌਲ ਦੇ ਫਾਇਰ ਕਰਕੇ ਓਹਨਾ ਦੀ ਪਤਨੀ ਨੂੰ ਕਾਰ ਵਿਚੋਂ ਬਾਹਰ ਸੁੱਟ ਕੇ ਵਰਨਾ ਕਾਰ ਨੰਬਰ ਪੀ ਬੀ 06,7777ਖੋਹ ਕੇ ਭੱਜ ਗਏ ।

ਇਕ ਹੋਰ ਘਟਨਾ ਵਿੱਚ ਮਾਤਾ ਰਾਣੀ ਮੰਦਿਰ ਦੇ ਨਜਦੀਕ ਸ਼ਰਮਾ ਕਰਿਆਨਾ ਸਟੋਰ ਦੇ ਰੌਸ਼ਨ ਦਾਨ ਥਾਣੀਂ ਦੁਕਾਨ ਦੇ ਅੰਦਰੋਂ ਹਜਾਰਾਂ ਰੁਪਏ ਦਾ ਸਮਾਨ ਚੋਰੀ ਕਰ ਕੇ ਲੈ ਗਏ। ਕਾਰ ਖੌਹਣ ਦੀ ਘਟਨਾ ਬਾਰੇ ਜਦੋਂ ਐਸ ਐਚ ਓ ਨਾਲ ਗੱਲ ਕੀਤੀ ਤਾਂ ਓਹਨਾ ਨੇ ਕਿਹਾ ਕਿ ਕੇਸ ਦਰਜ ਕਰ ਕੇ ਲੁਟੇਰਿਆਂ ਦੇ ਬਾਰੇ ਪਤਾ ਲਗਾਇਆ ਜਾ ਰਿਹਾ ਹੈ ।ਇਕ ਦੋ ਘੰਟੇ ਵਿਚ ਕਾਰ ਬਰਾਮਦ ਕਾਰ ਲਈ ਜਾਵੇਗੀ।

# ਪੁਰਾਣੀ ਪੈਨਸ਼ਨ ਬਹਾਲੀ ਨੂੰ ਲੈਕੇ ਅਧਿਆਪਕਾਂ ਨੇ ਕੀਤੀ ਦੇਸ਼ ਵਿਆਪੀ ਹੜਤਾਲ

**ਰਾਏਕੋਟ/ਗੋਗੀ**




ਪੁਰਾਣੀ ਪੈਨਸ਼ਨ ਬਹਾਲੀ ਸਘੰਰਸ਼ ਕਮੇਟੀ ਪੰਜਾਬ ਦੇ ਸੱਦੇ ਤੇ ਬਲਾਕ ਰਾਏਕੋਟ ਦੀ ਇਕਾਈ ਪੁਰਾਣੀ ਪੈਨਸ਼ਨ ਬਹਾਲੀ ਸਘੰਰਸ਼ ਕਮੇਟੀ ਵੱਲੋਂ ਪ੍ਰਧਾਨ ਹਰਜਿੰਦਰ ਸਿੰਘ, ਪ੍ਰਭਜੋਤ ਸਿੰਘ ਦੀ ਅਗਵਾਈ ਹੇਠ ਪੁਰਾਣੀ ਪੈਨਸ਼ਨ ਬਹਾਲ ਕਰਾਉਣ ਲਈ ਸਮੂਹ ਅਧਿਆਪਕਾਂ ਵੱਲੋਂ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਚ ਦੇਸ਼ ਵਿਆਪੀ ਸੰਕੇਤਕ ਹੜਤਾਲ ਕਰ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਇਸ ਹਰਜਿੰਦਰ ਸਿੰਘ, ਪ੍ਰਭਜੋਤ ਸਿੰਘ, ਜੰਗਪਾਲ ਸਿੰਘ, ਸੁਭਾਸ਼ ਗੋਇਲ ਨੇ ਸਾਂਝੇ ਤੌਰ ਤੇ ਕਿਹਾ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਮੁੱਦਾ ਮੁਲਾਜਮਾਂ ਦਾ ਅਹਿਮ ਮੁੱਦਾ ਬਣ ਚੁੱਕਾ ਹੈ। ਇਸ ਸਬੰਧੀ ਰਾਸ਼ਟਰੀ ਜੱਥੇਬੰਦੀ ਵੱਲੋਂ 28 ਮਾਰਚ ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ ਭਾਵੇਂ ਕਿ ਇਹ ਹੜਤਾਲ ਦੇਸ਼ ਵਿਆਪੀ ਹੈ ਪਰ ਇਸ ਹੜਤਾਲ ਰਾਹੀਂ ਅਸੀਂ ਪੰਜਾਬ ਦੀ ਆਪ ਸਰਕਾਰ ਨੂੰ ਸੁਨੇਹਾ ਦੇਣਾ ਚਾਹੁੰਦੇ ਹਾਂ ਕਿ ਜੇ ਮੁਲਾਜ਼ਮ ਵਰਗ ਨੇ ਆਪ ਸਰਕਾਰ ਤੇ ਭਰੋਸਾ ਜਤਾਇਆ ਹੈ ਤਾਂ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਮੁਲਾਜ਼ਮਾਂ ਦੇ ਹੱਕ ਵਿਚ ਫੈਸਲੇ ਲਵੇ ਤੇ ਪੁਰਾਣੀ ਪੈਂਨਸ਼ਨ ਬਹਾਲ ਕੀਤੀ ਜਾਵੇ। ਉਨਾਂ ਦੱਸਿਆ ਕਿ ਅਪ੍ਰੈਲ ਮਹੀਨੇ ਵਿਚ ਹਲਕਾ ਪੱਧਰ ਤੇ ਵਿਧਾਇਕਾਂ/ਸੰਸਦ ਮੈਂਬਰਾਂ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਾਉਣ ਲਈ ਮੰਗ ਪੱਤਰ ਦਿੱਤੇ ਜਾਣਗੇ ਅਤੇ 22 ਮਈ ਨੂੰ ਜੰਤਰ ਮੰਤਰ ਦਿੱਲੀ ਵਿਖੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਜਿਕਰਯੋਗ ਹੈ ਕਿ ਜਿੱਥੇ ਰਾਜਸਥਾਨ ਅਤੇ ਛੱਤੀਸਗੜ੍ਹ ਸਰਕਾਰਾਂ ਨੇ ਪੁਰਾਣੀ ਪੈਂਨਸਨ ਬਹਾਲ ਕਰਨ ਦਾ ਐਲਾਨ ਕੀਤਾ ਹੈ ਹੁਣ ਆਪ ਸਰਕਾਰ ਵੀ ਪਹਿਲ ਦੇ ਅਧਾਰ ਤੇ ਪੰਜਾਬ ਵਿੱਚ ਇਹ ਐਲਾਨ ਕਰੇ। ਉਹਨਾਂ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਨੂੰ ਅਪੀਲ ਹੈ ਕਿ ਪੁਰਾਣੀ ਪੈਨਸ਼ਨ ਬਹਾਲੀ ਦੀ ਪਹਿਲ ਕਰਦਿਆਂ ਮੁਲਾਜ਼ਮਾਂ ਦਾ ਬੁਢਾਪਾ ਸੁਰੱਖਿਅਤ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਮੁਲਾਜਮ ਵਰਗ ਨੂੰ ਬਹੁਤ ਸਾਰੀਆਂ ਉਮੀਦਾਂ ਹਨ, ਕਿਉਂਕਿ ਮੁਲਾਜਮ ਪੁਰਾਣੀਆਂ ਸਰਕਾਰਾਂ ਦੇ ਲਾਰਿਆਂ ਅਤੇ ਡੰਗ ਟਪਾਊ ਨੀਤੀਆਂ ਤੋਂ ਤੰਗ ਆ ਚੁੱਕੇ ਸਨ। ਇਸ ਲਈ ਪੰਜਾਬ ਦੇ ਸਮੁੱਚੇ ਮੁਲਾਜਮਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਆਪਣਾ ਫ਼ੈਸਲਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਕਨਵੀਨਰਾਂ ਅਤੇ ਪੰਜਾਬ ਦੇ ਨਵ-ਨਿਯੁਕਤ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਮੁਲਾਜਮਾਂ ਨਾਲ ਵਾਇਦਾ ਕੀਤਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਉਣ ਤੋਂ ਬਾਅਦ ਕਿਸੇ ਮੁਲਾਜ਼ਮ ਨੂੰ ਧਰਨਾਂ ਜਾ ਹੜਤਾਲ ਨਹੀਂ ਕਰਨੀ ਪਵੇਗੀ। ਉਨ੍ਹਾਂ ਦੇ ਮਸਲੇ ਸਰਕਾਰ ਪਹਿਲ ਦੇ ਅਧਾਰ ਉੱਤੇ ਹੱਲ ਕਰੇਗੀ। ਉਹਨਾਂ ਕਿਹਾ ਕਿ ਹੁਣ ਉਨ੍ਹਾਂ ਦੀ ਪਾਰਟੀ ਨੇ ਪੂਰਨ ਬਹੁਮਤ ਪ੍ਰਾਪਤ ਕਰਕੇ ਸਰਕਾਰ ਬਣਾਈ ਹੈ,ਇਸ ਲਈ ਸਰਕਾਰ ਨੂੰ ਆਪਣੇ ਵਾਇਦੇ ਅਨੁਸਾਰ 2004 ਤੋਂ ਬਾਅਦ ਭਰਤੀ ਮੁਲਾਜਮਾਂ ਦੀ ਰਾਜਸਥਾਨ ਅਤੇ ਛੱਤੀਸਗੜ੍ਹ ਦੀ ਤਰਜ਼ ਉੱਤੇ ਪੁਰਾਣੀ ਪੈਨਸ਼ਨ ਬਹਾਲ ਕਰਕੇ ਪੰਜਾਬ ਦੇ ਕਰੀਬ 2 ਲੱਖ ਮੁਲਾਜਮਾਂ ਦਾ ਬੁਢਾਪਾ ਸੁਰੱਖਿਅਤ ਕਰ ਦੇਣਾ ਚਾਹੀਦਾ ਹੈ। ਇਸ ਮੌਕੇ ਬਾਬੂ ਲਾਲ, ਪਵਨ ਵਰਮਾਂ, ਵਿਕਰਾਂਤ ਕੌੜਾ, ਗੁਰਸੇਵਕ ਸਿੰਘ, ਪ੍ਰਸ਼ੋਤਮ ਸਿੰਘ, ਰਾਜ ਕੁਮਾਰ, ਰਾਜਿੰਦਰਪਾਲ ਸਿੰਘ ਪਰਮਾਰ, ਹਰਦੇਵ ਸਿੰਘ, ਮੈਡਮ ਲਵਪ੍ਰੀਤ ਕੌਰ, ਮੈਡਮ ਅਮ੍ਰਿਤਪਾਲ ਕੌਰ, ਮੈਡਮ ਰਜਨੀ ਬਾਲਾ, ਹਾਕਮ ਸਿੰਘ, ਭੂਸ਼ਨ ਸਰਮਾਂ, ਜਗਸੀਰ ਸਿੰਘ, ਹਰਿੰਦਰ ਸਿੰਘ, ਬਲਰਾਜ ਸਿੰਘ, ਗੁਰਜੀਤ ਸਿੰਘ, ਭਿੰਦਰ ਸਿੰਘ, ਪ੍ਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਨਵੀਂ ਸਿੱਖਿਆ ਨੀਤੀ ਤੇ ਪੈਣੇ ਵਾਲੇ ਪ੍ਰਭਾਵਾਂ ਤੇ ਕੀਤੀ ਵਿਚਾਰ ਚਰਚਾ





**ਗੁਰਦਾਸਪੁਰ/ਨਵਨੀਤ ਕੁਮਾਰ**

ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਵੱਲੋਂ ਨਵੀਂ ਸਿੱਖਿਆ ਨੀਤੀ 2020 ਦੇ ਪੈਣ ਵਾਲੇ ਪ੍ਰਭਾਵਾਂ ਬਾਰੇ ਸਥਾਨਕ ਕਾਮਰੇਡ ਰਾਮ ਸਿੰਘ ਦੱਤ ਹਾਲ ਵਿਖੇ ਵਿਚਾਰ ਚਰਚਾ ਕੀਤੀ ਗਈ।ਇਸ ਵਿੱਚ ਮੁੱਖ ਬੁਲਾਰੇ ਦੇ ਤੌਰ ਤੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਅਤੇ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਦੇ ਕਨਵੀਨਰ ਪ੍ਰੋਫੈਸਰ ਜਗਮੋਹਨ ਸਿੰਘ ਨੇ ਸੰਬੋਧਨ ਕੀਤਾ। ਅੱਜ ਦੀ ਵਿਚਾਰ ਚਰਚਾ ਦੀ ਸ਼ੁਰੂਆਤ ਕਰਦਿਆਂ ਡੀ.ਐੱਮ.ਐੱਫ ਦੇ ਆਗੂ ਅਮਰਜੀਤ ਸ਼ਾਸ਼ਤਰੀ ਨੇ ਮੋਦੀ ਸਰਕਾਰ ਵੱਲੋਂ ਲਿਆਂਦੀ ਕਾਰਪੋਰੇਟ ਘਰਾਣਿਆਂ ਪੱਖੀ, ਅਤੇ ਹਿੰਦੁਤਵ ਫਾਸ਼ੀਵਾਦੀ ਸਿਖਿਆ ਤੇ ਦੁਸ਼ਪ੍ਰਭਾਵਾਂ ਵਾਰੇ ਸਾਰੇ ਹਿੰਦੁਸਤਾਨ ਵਿੱਚ ਉਠ ਰਹੀ ਲਹਿਰ ਬਾਰੇ ਜਾਣਕਾਰੀ ਦਿੱਤੀ॥

ਵਿਚਾਰ ਚਰਚਾ ਦੀ ਸ਼ੁਰੂਆਤ ਵਿੱਚ ਪ੍ਰੋਫੈਸਰ ਜਗਮੋਹਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਕੋਰੋਨਾ ਲਾੱਕਡਾਊਨ ਦੇ ਸਮੇਂ ਭਾਰਤ ਵਿੱਚ ਲੋਕ ਮਾਰੂ ਨੀਤੀਆਂ ਲੈ ਕੇ ਆਈ ਹੈ।ਜਿਸ ਵਿੱਚ ਖੇਤੀ ਕਾਨੂੰਨਾਂ ਨੂੰ ਆਰਡੀਨੈਂਸ ਦੇ ਰੂਪ ਵਿੱਚ ਲਿਆ ਕੇ ਖੇਤੀ ਕਾਨੂੰਨ ਵੱਜੋਂ ਪਾਸ ਕਰਵਾਇਆ ਗਿਆ ਅਤੇ ਇਸ ਦੇ ਨਾਲ ਹੀ ਨਵੀਂ ਸਿੱਖਿਆ ਨੀਤੀ-2020 ਨੂੰ ਵੀ ਪਾਸ ਕੀਤਾ ਗਿਆ।ਉਹਨਾਂ ਦੱਸਿਆ ਕਿ ਨਵੀਂ ਸਿੱਖਿਆ ਨੀਤੀ-2020 ਦੋ ਏਜੰਡਿਆ ਨੂੰ ਪੂਰਾ ਕਰਦੀ ਹੈ।ਜਿਸ ਵਿੱਚ ਪਹਿਲਾਂ ਏਜੰਡਾ ਵਿੱਦਿਆ ਦੇ ਵਪਾਰੀਕਰਨ ਨੂੰ ਹੁਲਾਰਾ ਦੇਣਾ ਹੈ।ਉਹਨਾਂ ਦੱਸਿਆਂ ਕਿ ਨਵੀਂ ਸਿੱਖਿਆ ਨੀਤੀ ਲਾਗੂ ਹੋਣ ਦੇ ਨਾਲ ਦੇਸ਼ ਵਿੱਚ ਵਿਦੇਸ਼ੀ ਕੰਪਨੀਆਂ ਆਪਣੀਆਂ ਯੂਨੀਵਰਸਿਟੀਆਂ ਖੋਲ੍ਹਣਗੀਆਂ ਅਤੇ ਮਹਿੰਗੀ ਵਿੱਦਿਆ ਦੇਣਗੀਆਂ।ਨਵੀਂ ਸਿੱਖਿਆ ਨੀਤੀ ਦੇਸ਼ ਵਿੱਚ ਸਿੱਖਿਆ ਵਿੱਚ ਕਾਰਪੋਰੇਟ ਘਰਾਣਿਆਂ ਦੀ ਘੁਸਪੈਂਠ ਕਰਵਾਉਣ ਲਈ ਬਣਾਈ ਗਈ ਹੈ।ਜਿਹੜੀ ਵਿੱਦਿਆ ਲੋਕ ਭਲਾਈ ਦਾ ਕਾਰਜ ਸੀ ਉਸਦਾ ਮਕਸਦ ਆਉਣ ਵਾਲੇ ਦਿਨ੍ਹਾਂ ਵਿੱਚ ਮਹਿਜ਼ ਮੁਨਾਫਾ ਕਮਾਉਣਾ ਬਣ ਜਾਵੇਗਾ।ਉਹਨਾਂ ਨਵੀਂ ਸਿੱਖਿਆ ਨੀਤੀ-2020 ਦੇ ਦੂਸਰੇ ਏਜੰਡੇ ਬਾਰੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਇਸ ਨੀਤੀ ਨੇ ਭਾਰਤੀ ਵਿੱਦਿਆ ਵਿੱਚ ਜੋ ਥੋੜ੍ਹਾ ਬਹੁਤ ਵਿਗਿਆਨ ਹੈ, ਉਸ ਨੂੰ ਖਤਮ ਕਰਕੇ ਗੈਰ ਵਿਗਿਆਨਕ ਚੀਜ਼ਾਂ ਲਿਆਉਣਾ ਹੈ।ਜਿਸਦਾ ਮਕਸਦ ਦੇਸ਼ ਵਿੱਚ ਵਿਗਿਆਨਿਕ ਨਜ਼ਰੀਏ ਨੂੰ ਖਤਮ ਕਰਕੇ ਅੰਧ-ਭਗਤੀ ਪੈਦਾ ਕਰਨਾ ਹੈ।ਉਹਨਾਂ ਦੱਸਿਆ ਕਿ ਮਿਥਿਹਾਸਿਕ ਕਹਾਣੀਆਂ ਨੂੰ ਦੇਸ਼ ਦਾ ਇਤਿਹਾਸ ਸਾਬਿਤ ਕਰਨ ਦੀਆਂ ਤਜ਼ਵੀਜ਼ਾਂ ਸ਼ਾਮਿਲ ਹਨ।

ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਦੇ ਜ਼ਿਲ੍ਹਾ ਕਨਵੀਰਨ ਡਾਕਟਰ ਜਗਜੀਵਨ ਲਾਲ ਨੇ ਵਿਚਾਰ ਚਰਚਾ ਵਿੱਚ ਹਾਜ਼ਿਰ ਕਿਸਾਨ-ਮਜ਼ਦੂਰ-ਮੁਲਾਜ਼ਮ-ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਦਿਨ੍ਹਾਂ ਵਿੱਚ ਨਵੀਂ ਸਿੱਖਿਆ ਨੀਤੀ-2020 ਖਿਲਾਫ ਸੰਘਰਸ਼ ਕਰਨ ਦਾ ਐਲਾਨ ਕੀਤਾ।ਵਿਚਾਰ ਚਰਚਾ ਵਿੱਚ ਹਾਜ਼ਿਰ ਕਿਸਾਨ-ਮਜ਼ਦੂਰ-ਮੁਲਾਜ਼ਮ-ਵਿਦਿਆਰਥੀਆਂ ਵੱਲੋਂ ਕਸ਼ਮੀਰ ਫਾਇਲਜ਼ ਬੈਂਨ ਕਰਨ,28-29 ਨੂੰ ਟਰੇਡ ਯੂਨੀਅਨਜ਼ ਵੱਲੋਂ ਕੀਤੀ ਜਾ ਰਹੀ ਹੜ੍ਹਤਾਲ ਦੀ ਹਿਮਾਇਤ,ਕਰਨਾਟਕਾ ਦੀਆਂ ਵਿਦਿਅੱਕ ਸੰਸਥਾਵਾਂ ਵਿੱਚ ਹਿਜ਼ਾਬ ਉੱਪਰ ਲੱਗੀ ਪਾਬੰਦੀ ਨੂੰ ਹਟਾਉਣ, ਰੂਸ ਯੂਕਰੇਨ ਜੰਗ ਖਿਲਾਫ ਮਤਾ ਪਾਸ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਦੀਪ ਸਿੰਘ ਰਿਆੜ, ਮੱਖਣ ਕੁਹਾੜ, ਹਰਭਜਨ ਮਾਂਗਟ, ਸਤਿਬੀਰ ਸਿੰਘ ਸੁਲਤਾਨੀ, ਮੈਡਮ ਬਲਵਿੰਦਰ ਕੌਰ, ਮਾਸਟਰ ਹਰਜਿੰਦਰ ਸਿੰਘ ਵਡਾਲਾ ਬਾਂਗਰ, ਸੁਖਦੇਵਰਾਜ ਬਹਿਰਾਮਪੁਰ, ਜੋਗਿੰਦਰਪਾਲ ਘੁਰਾਲਾ, ਤਰਲੋਕ ਸਿੰਘ ਬਹਿਰਾਮਪੁਰ, ਜੋਗਿੰਦਰਪਾਲ ਪਨਿਆੜ, ਡਾਕਟਰ ਸਤਿੰਦਰ ਸਿੰਘ, ਅਨੇਕ ਚੰਦ ਪਾਹੜਾ, ਪ੍ਰਿੰਸੀਪਲ ਅਮਰਜੀਤ ਮਨੀ,ਬਰਗਸ ਸਲਾਮਤ, ਗੁਰਦਿਆਲ ਰਾਹੀ, ਅਮਰ ਕ੍ਰਾਂਤੀ, ਅਸ਼ਵਨੀ ਸ਼ਰਮਾ, ਮਾਰਵੀ, ਰਵੀ ਸਿੱਧੂ, ਮੁਹੰਮਦ ਸਲੀਮ ਨੇ ਚਰਚਾ ਵਿੱਚ ਹਿੱਸਾ ਲਿਆ।

# ਸਿਵਲ ਸਰਜਨ ਨੇ ਦੋ ਐਂਬੂਲੈਂਸ ਵੈਨਾਂ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ



**ਫਾਜ਼ਿਲਕਾ/ਗੌਰਵ ਸ਼ਰਮਾ**

ਡਿਪਟੀ ਕਮਿਸ਼ਨਰ ਫਾਜ਼ਿਲਕਾ ਸ੍ਰੀ ਮਤੀ ਬਬੀਤਾ ਕਲੇਰ ਆਈ ਏ ਐੱਸ ਦੀ ਚੇਅਰਮੈਨਸ਼ਿਪ ਵਿਚ ਬਾਰਡਰ ਏਰੀਆ ਡਿਵੈਲਪਮੈਂਟ ਫੰਡ ਦੇ ਤਹਿਤ ਜਿਲਾ ਫਾਜ਼ਿਲਕਾ ਨੂੰ ਦੋ ਐਂਬੂਲੈਂਸ ਮੁਹੱਈਆ ਕਰਵਾਈਆਂ ਗਈਆਂ ਜਿਸ ਨੂੰ ਅੱਜ ਸਿਵਲ ਸਰਜਨ ਫਾਜ਼ਿਲਕਾ ਡਾ ਤੇਜਵੰਤ ਸਿੰਘ ਢਿੱਲੋਂ ਨੇ ਡਾ ਸਰਬਰਿੰਦਰ ਸਿੰਘ ਏ ਸੀ ਐੱਸ, ਡਾ ਕਵਿਤਾ ਸਿੰਘ ਡੀ ਐਫ ਪੀ ਓ, ਡਾ ਰੋਹਿਤ ਗੋਇਲ ਐੱਸ ਐੱਮ ਓ ਸਿਵਲ ਹਸਪਤਾਲ ਫਾਜ਼ਿਲਕਾ ਅਤੇ ਡਾ ਰਿੰਕੂ ਚਾਵਲਾ ਜ਼ਿਲ੍ਹਾ ਟੀਕਾਕਰਨ ਅਫ਼ਸਰ ਦੀ ਮੌਜੂਦਗੀ ਵਿੱਚ ਇਹਨਾਂ ਐਂਬੂਲੈਂਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਇਸ ਮੌਕੇ ਸਿਵਲ ਸਰਜਨ ਡਾ ਤੇਜਵੰਤ ਢਿੱਲੋਂ ਨੇ ਦੱਸਿਆ ਕਿ ਇਹਨਾਂ ਵਿਚੋਂ ਇਕ ਐਂਬੂਲੈਂਸ ਜਿਲਾ ਹਸਪਤਾਲ ਫਾਜ਼ਿਲਕਾ ਅਤੇ ਦੂਸਰੀ ਸਿਵਲ ਹਸਪਤਾਲ ਅਬੋਹਰ ਵਿਖੇ ਭੇਜੀ ਗਈ ਹੈ। ਉਹਨਾਂ ਨੇ ਕਿਹਾ ਕੇ ਇਸ ਨਾਲ ਗੰਭੀਰ ਹਾਲਤ ਦੇ ਮਰੀਜ਼ਾਂ ਨੂੰ ਰੈਫਰ ਕਰਨ ਲਈ ਸਹਾਇਤਾ ਮਿਲੇਗੀ ਤੇ ਨਾਲ ਹੀ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਜਾਂ ਹੰਗਾਮੀ ਹਾਲਤ ਵਿੱਚ ਮਰੀਜ਼ਾਂ ਜਾਂ ਲੋੜਵੰਦਾਂ ਤੱਕ ਪਹੁੰਚ ਆਸਾਨ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਗਰਭਵਤੀ ਮਾਵਾਂ ਦੇ ਜਣੇਪੇ ਸਬੰਧੀ ਸੇਵਾਵਾਂ ਇਹਨਾਂ ਐਂਬੂਲੈਂਸਾਂ ਰਾਹੀਂ ਬਿਲਕੁਲ ਮੁਫਤ ਮੁਹੱਈਆ ਕਰਵਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਬਾਕੀ ਮਰੀਜ਼ਾਂ ਲਈ ਬਹੁਤ ਹੀ ਘੱਟ ਸਰਕਾਰੀ ਹਦਾਇਤਾਂ ਅਨੁਸਾਰ ਚਾਰਜ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਹ ਐਂਬੂਲੈਂਸਾਂ 24 ਘੰਟੇ ਉਪਲੱਬਧ ਰਹਿਣਗੀਆਂ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਆਮ ਲੋਕਾਂ ਨੂੰ ਹਰ ਹੀਲੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬਧ ਤੇ ਮੁਸਤੈਦ ਹੈ। ਉਨ੍ਹਾਂ ਦੱਸਿਆ ਕਿ ਇਹ ਐਂਬੂਲੈਂਸ ਵੈਨਾਂ ਪੂਰੀ ਤਰ੍ਹਾਂ ਸਾਜੋ-ਸਮਾਨ ਵਾਲੀਆਂ ਹਨ ਜ਼ੋ ਵੀ ਮੁਢਲੀਆਂ ਲੋੜੀਂਦਾ ਸਮਾਨ ਚਾਹੀਦਾ ਹੁੰਦਾ ਹੈ ਉਹ ਪੂਰਾ ਵੈਨ ਵਿਚ ਉਪਲਬਧ ਹੈ। ਉਨ੍ਹਾਂ ਕਿਹਾ ਕਿ ਇਹ ਵੈਨਾ ਫੂਲੀ ਏ.ਸੀ. ਹਨ।ਉਨ੍ਹਾਂ ਕਿਹਾ ਕਿ ਮਰੀਜਾਂ ਨੂੰ ਬਾਹਰਲੇ ਸ਼ਹਿਰ ਵਿਖੇ ਇਲਾਜ ਲਈ ਲਿਜਾਉਣ ਵਾਸਤੇ ਵੀ ਇਹ ਵੈਨਾਂ ਕਾਫੀ ਕਾਰਗਰ ਸਿੱਧ ਹੋਣਗੀਆਂ ਤੇ ਰੇਟ ਵੀ ਘੱਟ ਹੋਣ ਕਰਕੇ ਪ੍ਰਾਈਵੇਟ ਐਂਬੂਲੈਂਸ ਨਾਲੋਂ ਕਿਤੇ ਲਾਹੇਵੰਦ ਹਨ। ਇਸ ਮੌਕੇ ਜਿਲਾ ਮਾਸ ਮੀਡੀਆ ਅਫਸਰ ਅਨਿਲ ਧਾਮੂ, ਸ਼੍ਰੀ ਸੰਜੀਵ, ਬੀ ਸੀ ਸੀ ਸੁਖਦੇਵ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਫਾਜਿਲਕਾ ਜਿਲ੍ਹੇ ਵਿਚ ਬਣੇਗਾ ਅੰਬੇਦਕਰ ਭਵਨ, ਜਮੀਨ ਦਾ ਹੋਇਆ ਪ੍ਰਬੰਧ-ਡਿਪਟੀ ਕਮਿਸ਼ਨਰ

**ਫਾਜਿਲਕਾ/ਗੌਰਵ ਸ਼ਰਮਾ:-** ਫਾਜਿ ?ਲਕਾ ਜਿ ?ਲ੍ਹੇ ਵਿਚ ਜਲਦ ਹੀ ਅੰਬੇਦਕਰ ਭਵਨ ਬਣੇਗਾ। ਇਹ ਜਾਣਕਾਰੀ ਜਿ ?ਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਬਬੀਤਾ ਕਲੇਰ ਆਈਏਐਸ ਨੇ ਦਿੱਤੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਲਈ ਜਮੀਨ ਦਾ ਪ੍ਰਬੰਧ ਹੋ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਫਾਜਿ ?ਲਕਾ ਸ਼ਹਿਰ ਦੇ ਨਾਲ ਲੱਗਦੇ ਪਿੰਡ ਰਾਮਪੁਰਾ ਵਿਚ ਪੰਚਾਇਤ ਨੇ ਇਸ ਸੁਭ ਕਾਰਜ ਲਈ 7 ਕਨਾਲ 11 ਮਰਲੇ ਜਗ੍ਹਾ ਦਿੱਤੀ ਹੈ। ਇਸ ਜਗ੍ਹਾ ਤੇ ਅੰਬੇਦਕਰ ਭਵਨ ਦੇ ਨਿਰਮਾਣ ਦਾ ਸੁਪਨਾ ਪੂਰਾ ਹੋਵੇਗਾ। ਡਿਪਟੀ ਕਮਿਸ਼ਨਰ ਸ੍ਰੀਮਤੀ ਬਬੀਤਾ ਕਲੇਰ ਨੇ ਇਸ ਸੁਭ ਕਾਰਜ ਲਈ ਜਮੀਨ ਦੇਣ ਲਈ ਪਿੰਡ ਰਾਮਪੁਰਾ ਦੀ ਗ੍ਰਾਮ ਪੰਚਾਇਤ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਕਿਹਾ ਕਿ ਜਿ ?ਲ੍ਹੇ ਵਿਚ ਪਹਿਲਾਂ ਅੰਬੇਦਕਰ ਭਵਨ ਦੀ ਅਣਹੋਂਦ ਕਾਰਨ ਐਸ ਸੀ ਭਾਈਚਾਰੇ ਦੇ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਪਰ ਹੁਣ ਪੰਜਾਬ ਸਰਕਾਰ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਵਿਭਾਗ ਵੱਲੋਂ ਇੱਥੇ ਸ਼ਾਨਦਾਰ ਅੰਬੇਦਕਰ ਭਵਨ ਉਸਾਰਿਆ ਜਾਵੇਗਾ ਅਤੇ ਭਾਈਚਾਰੇ ਦੀ ਲੰਬੇ ਸਮੇਂ ਤੋਂ ਬਕਾਇਆ ਪਈ ਮੰਗ ਪੂਰੀ ਹੋਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਬੰਧੀ ਵਿਭਾਗ ਦੇ ਚੰਡੀਗੜ੍ਹ ਦਫ਼ਤਰ ਨੂੰ



ਸੂਚਨਾ ਭੇਜ਼ ਦਿੱਤੀ ਗਈ ਹੈ ਅਤੇ ਉਨ੍ਹਾਂ ਵੱਲੋਂ ਇਸ ਸਬੰਧੀ ਬਣਨ ਵਾਲੇ ਭਵਨ ਦਾ ਨਕਸ਼ਾ ਭੇਜਿਆ ਜਾਵੇਗਾ ਜਿਸ ਅਨੁਸਾਰ ਐਸਟੀਮੇਟ ਤਿਆਰ ਕਰਨ ਤੇ ਵਿਭਾਗ ਨਿਰਮਾਣ ਕਾਰਜਾਂ ਲਈ ਬਜਟ ਜਾਰੀ ਕਰ ਦੇਵੇਗਾ ਅਤੇ ਬਹੁਤ ਜਲਦ ਜਮੀਨੀ ਪੱਧਰ ਤੇ ਅੰਬੇਦਕਰ ਭਵਨ ਦਾ ਨਿਰਮਾਣ ਵੀ ਸ਼ੁਰੂ ਹੋ ਜਾਵੇਗਾ। ਜਿ ?ਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਸ: ਬਰਜਿੰਦਰ ਸਿੰਘ ਅਤੇ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਸ੍ਰੀ ਅਸ਼ੋਕ ਕੁਮਾਰ ਨੇ ਦੱਸਿਆ ਕਿ ਰਾਮਪੁਰਾ ਵਿਚ ਟਰਾਂਸਪੋਰਟ ਦਫ਼ਤਰ ਦੇ ਨੇੜੇ ਬਣਨ ਵਾਲੇ ਇਸ ਅੰਬੇਦਕਰ ਭਵਨ ਵਿਚ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਵਿਭਾਗ ਦੇ ਦਫਤਰ ਦੇ ਨਾਲ ਨਾਲ ਐਸਸੀ ਬੀਸੀ ਕਾਰਪੋਰੇਸ਼ਨਾਂ ਦੇ ਦਫ਼ਤਰ ਸਥਾਪਿਤ ਹੋਣਗੇ ਉਥੇ ਹੀ ਇੱਥੇ ਕਮਿਊਨਿਟੀ ਹਾਲ ਵੀ ਬਣਾਇਆ ਜਾਵੇਗਾ ਅਤੇ ਇੱਥੇ ਐਸਸੀ ਬੱਚਿਆਂ ਲਈ ਹੁਨਰ ਸਿਖਲਾਈ ਦੇ ਕੋਰਸ ਵੀ ਚਲਾਏ ਜਾਣਗੇ।

# ਐਨ.ਜੀ.ਓ. 'ਸੀਡਜ਼' ਵੱਲੋਂ ਸੀ.ਐਚ.ਸੀ. ਜਵੱਦੀ ਲਈ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ




**ਲੁਧਿਆਣਾ/ਸੁਖਚੈਨ ਮਹਿਰਾ**

ਸ਼ਹਿਰ ਦੀ ਇਕ ਉੱਘੀ ਐਨ.ਜੀ.ਓ ਸੀਡਜ ਵੱਲੋਂ ਅਰਬਨ ਸੀ ਐਚ ਸੀ ਜਵੱਦੀ ਵਿਖੇ ਹਸਪਤਾਲ ਦੀ ਜਰੂਰਤ ਦੀ ਲਈ ਅੱਠ ਬੈਡ, ਦੋ ਈ.ਸੀ.ਜੀ. ਮਸੀਨਾਂ ਅਤੇ ਹੋਰ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਗਿਆ। ਇਸ ਮੌਕੇ ਐਨ ਜੀ ਓ ਦੇ ਡਰਾਇਰੈਕਟਰ ਸਿਧਾਰਥ ਸਰਮਾਂ, ਮੈਡਮ ਸੁਪਰਨਾ ਤੋ ਇਲਾਵਾ ਐਨ ਜੀ ਓ ਦੇ ਹੋਰ ਅਹੁਦੇਦਾਰ ਵੀ ਹਾਜ਼ਰ ਸਨ। ਇਸ ਮੌਕੇ ਸਿਵਲ ਸਰਜਨ ਡਾ ਐਸ ਪੀ ਸਿੰਘ ਨੇ ਐਨ ਜੀ ਓ ਅਹੁਦੇਦਾਰਾਂ ਦਾ ਧੰਨਵਾਦ ਕੀਤਾ।ਐਨ ਜੀ ਓ ਦੇ ਡਰਾਇਰੈਕਟਰ ਸਿਧਾਰਥ ਸਰਮਾਂ ਨੇ ਵਿਸ਼ਵਾਸ਼ ਦਿਵਾਇਆ ਕਿ ਉਨ੍ਹਾਂ ਦੀ ਸੰਸਥਾਂ ਇਸ ਹਸਪਤਾਲ ਨੂੰ ਮਰੀਜਾਂ ਦੀ ਸਹੂਲਤ ਲਈ ਹਰ ਸੰਭਵ ਸਹਿਯੋਗ ਲਈ ਤੱਤਪਰ ਹੈ।

# ਖਾਲਸਾ ਕਾਲਜ ਇੰਜਨੀਅਰਿੰਗ ਨੇ 'ਕਲਾਊਡ ਕੈਂਪਸ' ਨਾਲ ਕੀਤਾ ਸਮਝੌਤਾ



**ਅੰਮ੍ਰਿਤਸਰ/ਰਾਜਾ ਕੋਟਲੀ**

ਖਾਲਸਾ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਨੇ ਇਕ ਹੋਰ ਮੀਲ ਪੱਥਰ ਸਥਾਪਿਤ ਕਰਦੇ ਹੋਏ ਅੱਜ ਬਹੁ ਰਾਸ਼ਟਰੀ ਕੰਪਨੀ 'ਕਲਾਊਡ ਕੈਂਪਸ' ਦੇ ਨਾਲ ਇਕ ਅਹਿਮ ਸਮਝੌਤਾ ਕੀਤਾ, ਜਿਸ ਨਾਲ ਵਿਦਿਆਰਥੀਆਂ ਨੂੰ ਸਿਖਲਾਈ ਅਤੇ ਪਲੇਸਮੈਂਟ ਪ੍ਰਾਪਤ ਕਰਨ 'ਚ ਚੌਖਾ ਲਾਭ ਪ੍ਰਾਪਤ ਹੋਵੇਗਾ। ਇਹ ਕੰਪਨੀ ਇਕ ਚੇਨਈ, ਤਾਮਿਲਨਾਡੂ ਸਥਿਤ ਹੈ, ਜਿਸ ਦੇ ਦੁਨੀਆ ਭਰ ਦੇ 37 ਦੇਸ਼ਾਂ 'ਚ ਦਫਤਰ ਹਨ। ਇਸ ਦੌਰਾਨ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਇਸ ਸਹਿਮਤੀ ਪੱਤਰ ਲਈ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਹਿਯੋਗ ਨਾਲ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਨਿਸ਼ਚਿਤ ਰੂਪ 'ਚ ਜਾਣੂ ਕਰਵਾਇਆ ਜਾਵੇਗਾ। ਇਸ ਮੌਕੇ ਡਾਇਰੈਕਟਰ ਡਾ. ਮੰਜੂ ਬਾਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੰਪਨੀ ਕੋਲ 35 ਸਾਲ ਤੋਂ ਵੱਧ ਪੁਰਾਣਾ ਤਜ਼ਰਬਾ ਹਾਸਲ ਹੈ ਅਤੇ ਇਹ ਸਾਫਟਵੇਅਰ ਸਿਖਲਾਈ, ਪ੍ਰੋਜੈਕਟ ਪ੍ਰਬੰਧਨ ਸਿਖਲਾਈ ਅਤੇ ਸੈਂਟਰ ਆਫ਼ ਐਕਸੀਲੈਂਸ ਦੇ ਵਿਕਾਸ 'ਚ ਸਹਾਇਤਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਸਹਿਮਤੀ ਪੱਤਰ ਦਾ ਉਦੇਸ਼ ਉਦਯੋਗਿਕ ਅਕਾਦਮਿਕ ਸਬੰਧਾਂ ਨੂੰ ਵਧਾਉਣਾ ਹੈ ਤਾਂ ਜੋ ਫੈਕਲਟੀ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਉਦਯੋਗ 'ਚ ਸਿਖਲਾਈ ਦੇ ਤਜ਼ਰਬੇ ਪ੍ਰਾਪਤ ਕਰਵਾਉਣ ਦੇ ਸਮਰੱਥ ਬਣਾਉਂਦੀ ਹੈ। ਉਨ੍ਹਾਂ ਕਿਹਾ ਕਿ ਇਸ ਐਮ. ਓ. ਯੂ. ਤਹਿਤ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਵੱਖ-ਵੱਖ ਫ਼ੈਕਲਟੀ ਡਿਵੈਲਪਮੈਂਟ ਪ੍ਰੋਗਰਾਮ, ਵਰਕਸ਼ਾਪਾਂ, ਵੈਬੀਨਾਰਾਂ ਅਤੇ ਸੈਮੀਨਾਰਾਂ ਆਦਿ ਰਾਹੀਂ ਨਾਮਵਰ ਅਕਾਦਮਿਕ ਅਤੇ ਉਦਯੋਗ ਦੇ ਮਾਹਿਰਾਂ ਨਾਲ ਸਾਂਝ ਬਣਾਉਣ ਦਾ ਮੌਕਾ ਮਿਲੇਗਾ। ਇਸ ਤਹਿਤ ਵਿਦਿਆਰਥੀ ਇਸ ਸਹਿਮਤੀ ਪੱਤਰ ਦੇ ਤਹਿਤ ਵੱਖ-ਵੱਖ ਵਾਧੂ ਕੋਰਸਾਂ ਦਾ ਸਰਟੀਫ਼ਿਕੇਟ ਵੀ ਪ੍ਰਾਪਤ ਕਰਨਗੇ। ਇੰਨ੍ਹਾਂ ਹੀ ਨਹੀਂ ਵਿਦਿਆਰਥੀਆਂ ਨੂੰ ਸਿਖਲਾਈ ਦੇ ਨਾਲ-ਨਾਲ ਪਲੇਸਮੈਂਟ ਲਈ ਵੀ ਸਹਾਇਤਾ ਮਿਲੇਗੀ। ਇਸ ਸਮਝੌਤੇ 'ਤੇ ਡਾ. ਬਾਲਾ ਅਤੇ ਕਲਾਊਡ ਕੈਂਪਸ ਦੇ ਬਿਜ਼ਨੈਸ ਡਿਵੈਲਪਮੈਂਟ ਮੈਨੇਜਰ ਸ੍ਰੀ ਲੋਕੇਸ਼ ਕੁਮਾਰ ਨੇ ਦਸਤਖ਼ਤ ਕੀਤੇ। ਇਸ ਮੌਕੇ ਰਜਿਸਟਰਾਰ ਇੰਜ: ਬਿਕਰਮਜੀਤ ਸਿੰਘ, ਸ੍ਰੀ ਪੀ. ਪ੍ਰਸ਼ਾਂਤ, ਡਾ. ਜੁਗਰਾਜ ਸਿੰਘ, ਇੰਜ: ਸੰਦੀਪ ਸਿੰਘ ਅਤੇ ਇੰਜ: ਜਸਪ੍ਰੀਤ ਸਿੰਘ ਹਾਜ਼ਰ ਸਨ।

# ਲੋਕਾਂ ਨੂੰ ਹੁਣ ਮਿਲੇਗਾ ਸਾਫ ਸੁਥਰਾ ਤੇ ਜਵਾਬਦੇਹ ਪ੍ਰਸ਼ਾਸਨ-ਅਮਨਦੀਪ ਸਿੰਘ ਗੋਲਡੀ ਮੁਸਾਫਿਰ



**ਅਬੋਹਰ, ਫਾਜਿਲਕਾ/ਗੌਰਵ ਸ਼ਰਮਾ**

ਬੱਲੂਆਣਾ ਦੇ ਵਿਧਾਇਕ ਸ: ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਅੱਜ ਇੱਥੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕ ਕਰਕੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਦੀਆਂ ਸਕੀਮਾਂ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕੀਤਾ ਜਾਵੇ।ਉਨ੍ਹਾਂ ਨੇ ਹਦਾਇਤ ਕੀਤੀ ਕਿ ਦਫ਼ਤਰਾਂ ਵਿਚ ਕੰਮ ਲਈ ਆਉਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਉਣ ਦਿੱਤੀ ਜਾਵੇ ਅਤੇ ਹਰੇਕ ਵਿਅਕਤੀ ਦਾ ਕੰਮ ਪਹਿਲ ਦੇ ਅਧਾਰ ਤੇ ਕੀਤਾ ਜਾਵੇ। ਇਸ ਮੌਕੇ ਅਬੋਹਰ ਦੇ ਐਸਡੀਐਮ ਸ੍ਰੀ ਅਮਿਤ ਗੁਪਤਾ ਵੀ ਵਿਸੇਸ਼ ਤੌਰ ਤੇ ਹਾਜਰ ਸਨ।

ਇਸ ਬੈਠਕ ਦੌਰਾਨ ਬੱਲੂਆਣਾ ਦੇ ਵਿਧਾਇਕ ਸ: ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਾਫ ਸੁਥਰਾ, ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਦਾ ਵਾਅਦਾ ਕੀਤਾ ਗਿਆ ਹੈ ਅਤੇ ਸਾਰਾ ਪ੍ਰਸ਼ਾਸਨ ਸਰਕਾਰ ਦੀ ਇਸੇ ਨੀਤੀ ਅਨੁਸਾਰ ਕੰਮ ਕਰੇ।

ਇਸ ਮੌਕੇ ਵਿਧਾਇਕ ਨੇ ਕਿਹਾ ਕਿ ਸੀਤੋ ਗੁਨੋ ਦੇ ਹਸਪਤਾਲ ਨੂੰ ਹੁਣ ਰੈਫਰਲ ਹਸਪਤਾਲ ਨਹੀਂ ਰਹਿਣ ਦਿੱਤਾ ਜਾਵੇਗਾ ਬਲਕਿ ਇਸ ਨੂੰ ਪੂਰਾ ਹਸਪਤਾਲ ਬਣਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇੱਥੇ ਪੀਣ ਦੇ ਪਾਣੀ ਦਾ ਪ੍ਰਬੰਧ ਕਰਵਾ ਦਿੱਤਾ ਗਿਆ ਹੈ।

ਇਸੇ ਤਰਾਂ ਉਨ੍ਹਾਂ ਨੇ ਕਣਕ ਦੀ ਪੱਕੀ ਫਸਲ ਨੂੰ ਅੱਗ ਦੀਆਂ ਘਟਨਾਵਾਂ ਤੋਂ ਬਚਾਉਣ ਲਈ ਸੀਤੋ ਵਿਖੇ ਫਾਇਰ ਬ੍ਰੀਗੇਡ ਦੀ ਗੱਡੀ ਖੜੀ ਕਰਨ ਦੀਆਂ ਹਦਾਇਤਾਂ ਵੀ ਵਿਭਾਗਾਂ ਨੂੰ ਦਿੱਤੀਆਂ।

ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ ਰਾਸਨ ਘਰਾਂ ਤੱਕ ਭੇਜਣ ਦੀ ਯੋਜਨਾ ਆਰੰਭ ਕੀਤੀ ਜਾ ਰਹੀ ਹੈ। ਇਸ ਲਈ ਰਸਦ ਵਿਭਾਗ ਨੂੰ ਉਨ੍ਹਾਂ ਨੇ ਹਦਾਇਤ ਕੀਤੀ ਕਿ ਲੋਕਾਂ ਨੂੰ ਰਾਸ਼ਨ ਸਹੀ ਸਮੇਂ ਤੇ ਦਿੱਤਾ ਜਾਵੇ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਰਾਸ਼ਨ ਭਾਰ ਵਿਚ ਪੂਰਾ ਅਤੇ ਉਚ ਗੁਣਵਤਾ ਦਾ ਹੋਵੇ। ਵਿਧਾਇਕ ਨੇ ਇਸ ਮੌਕੇ ਬੀਡੀਪੀਓ ਨੂੰ ਹਦਾਇਤ ਕੀਤੀ ਕਿ ਪਿੰਡਾਂ ਵਿਚ ਮੁਨਾਦੀ ਕਰਵਾਈ ਜਾਵੇ ਕਿ ਜ਼ੇਕਰ ਕੋਈ ਵੀ ਨਸ਼ਾ ਵੇਚਦਾ ਪਾਇਆ ਗਿਆ ਤਾਂ ਉਸਦੇ ਖਿਲਾਫ ਸ਼ਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨਸੇ ? ਸਖ਼ਤੀ ਨਾਲ ਖਤਮ ਕਰੇਗੀ। ਇਸ ਮੌਕੇ ਤਹਿਸੀਲਦਾਰ ਸ: ਜਗਸੀਰ ਸਿੰਘ, ਸ: ਜਤਿੰਦਰ ਪਾਲ ਸਿੰਘ, ਸ੍ਰੀ ਅਵਿਨਾਸ਼ ਚੰਦਰ, ਬੀਡੀਪੀਓ ਜ਼ਸਵੰਤ ਸਿੰਘ, ਡਾ: ਬਬੀਤਾ, ਸ੍ਰੀ ਸੁਰੇਸ਼ ਕੁਮਾਰ ਕਾਰਜਕਾਰੀ ਇੰਜੀਨੀਅਰ ਪੀਐਸਪੀਸੀਐਲ, ਸ੍ਰੀ ਜ਼ੁਗਲ ਕਿਸ਼ੋਰ ਕਾਰਜਕਾਰੀ ਇੰਜਨੀਅਰ, ਸ੍ਰੀ ਮਨੋਜ਼ ਕੁਮਾਰ, ਸ: ਉਪਕਾਰ ਸਿੰਘ ਜਾਖੜ ਵੀ ਹਾਜਰ ਸਨ।

# ਪਾਕਿਸਤਾਨੀ ਸ਼ਾਇਰਾ ਬੁਸ਼ਰਾ ਨਾਜ਼ ਦਾ ਲਾਹੌਰ ਵਿੱਚ ਫੁਲਕਾਰੀ ਸਨਮਾਨ



**ਲੁਧਿਆਣਾ/ਸੁਖਚੈਨ ਮਹਿਰਾ, ਕਰਨ**

ਪਾਕਿਸਤਾਨ ਦੇ ਸ਼ਹਿਰ ਵੱਸਦੀ ਸ਼ਾਇਰਾ ਬੁਸ਼ਰਾ ਨਾਜ਼ ਦਾ ਵਿਸ਼ਵ ਪੰਜਾਬੀ ਅਮਨ ਕਾਨਫਰੰਸ ਮੌਕੇ ਇੱਕ ਸ਼ਾਮ ਗੈਰ ਰਸਮੀ ਤੌਰ ਤੇ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਫੁਲਕਾਰੀ ਭੇਂਟ ਕਰਕੇ ਗੁਰਭਜਨ ਗਿੱਲ, ਸਰਦਾਰਨੀ ਜਸਵਿੰਦਰ ਕੌਰ ਗਿੱਲ, ਗੁਰਤੇਜ ਕੋਹਾਰਵਾਲਾ,ਡਾ? ਭਾਰਤਬੀਰ ਕੌਰ, ਅਫ਼ਜ਼ਲ ਸਾਹਿਰ,ਡਾ? ਸੁਲਤਾਨਾ ਬੇਗਮ, ਸਹਿਜਪ੍ਰੀਤ ਸਿੰਘ ਮਾਂਗਟ ਤੇ ਅਜ਼ੀਮ ਸ਼ੇਖ਼ਰ ਨੇ ਸਨਮਾਨਿਤ ਕੀਤਾ।

ਬੁਸ਼ਰਾ ਸਰਲ ਪੰਜਾਬੀ ਚ ਲਿਖਣ ਵਾਲੀ ਪੰਜਾਬੀ ਸ਼ਾਇਰਾ ਹੈ ਜਿਸ ਦੇ ਤਿੰਨ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ।

ਬੁਸ਼ਰਾ ਨਾਜ਼ ਬਾਰੇ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਚੇਅਰਮੈਨ ਪ੍ਰੋ? ਗੁਰਭਜਨ ਗਿੱਲ ਨੇ ਕਿਹਾ ਕਿ ਪਾਕਿਸਤਾਨ ਦੇ ਇਤਿਹਾਸਕ ਸ਼ਹਿਰ ਲਾਇਲਪੁਰ (ਹੁਣ ਫੈਸਲਾਬਾਦ) ਚ 10 ਜੁਲਾਈ 1973 ਨੂੰ ਹਮੀਦਾ ਬੀਬੀ ਦੀ ਕੁਖੋਂ ਜਨਾਬ ਅਬਦੁਰ ਰਹਿਮਾਨ ਦੇ ਘਰ ਜਨਮੀ , ਪੰਜਾਬੀ ਸ਼ਾਇਰਾ ਬੁਸ਼ਰਾ ਨਾਜ਼ ਦਾ ਅਸਲੀ ਨਾਮ ਬਚਪਨ ਵੇਲੇ ਮਾਪਿਆਂ ਨੇ ਬੁਸ਼ਰਾ ਇਕਬਾਲ ਰੱਖਿਆ ਸੀ ਪਰ ਸ਼ਾਇਰੀ ਨੇ ਉਸ ਨੂੰ ਨਾਜ਼ ਕਰ ਦਿੱਤਾ। ਪੰਜਾਬ ਕਾਲਿਜ ਆਫ਼ ਕਾਮਰਸ ਫੈਸਲਾਬਾਦ ਤੋਂ ਬੀ ਕਾਮ ਪਾਸ ਬੁਸ਼ਰਾ ਨਾਮਵਰ ਡਰੈੱਸ ਡੀਜ਼ਾਈਨਰ ਹੈ ਅਤੇ ਇਸ ਖੇਤਰ ਵਿੱਚ ਉਹ ਬਦੇਸ਼ਾਂ ਚ ਵੀ ਨਾਮਣਾ ਖੱਟ ਚੁਕੀ ਹੈ।

ਜਨਾਬ ਮੁਹੰਮਦ ਇਕਬਾਲ ਸਾਹਿਬ ਨਾਲ ਵਿਆਹੀ , ਇੱਕ ਪੁੱਤਰ ਤੇ ਤਿੰਨ ਧੀਆਂ ਦੀ ਮਾਂ ਬੁਸ਼ਰਾ ਨਾਜ਼ ਘਰ ਪਰਿਵਾਰ ਲਈ ਜ਼ੁੰਮੇਵਾਰ ਸਵਾਣੀ ਹੈ। ਲਿਖਣਾ ਪੜ੍ਹਨਾ ਉਸ ਦੇ ਸ਼ੌਕ ਦਾ ਹਿੱਸਾ ਹੈ।

ਵਿਸ਼ਵ ਪੰਜਾਬੀ ਕਾਂਗਰਸ ਦੇ ਭਾਰਤੀ ਕੋਆਰਡੀਨੇਟਰ ਸਹਿਜ ਪ੍ਰੀਤ ਸਿੰਘ ਮਾਂਗਟ ਨੇ ਦੱਸਿਆ ਕਿ ਬੁਸ਼ਰਾ ਨਾਜ਼ ਦੀਆਂ ਪੰਜਾਬੀ ਵਿੱਚ ਸ਼ਾਇਰੀ ਦੀਆਂ ਦੋ ਕਿਤਾਬਾਂ ਕੰਧ ਆਸਮਾਨਾਂ ਤੀਕ ਅਤੇ ਸੋਚ ਸਮਿਆਂ ਤੋਂ ਅੱਗੇ ਛਪ ਚੁਕੀਆਂ ਨੇ। ਉਨ੍ਹਾਂ ਕਿਹਾ ਕਿ ਕੰਧ ਆਸਮਾਨਾਂ ਤੀਕ ਨੂੰ ਮਸੂਦ ਖੱਦਰਪੋਸ਼ ਐਵਾਰਡ ਮਿਲ ਚੁਕਾ ਹੈ। ਉਰਦੂ ਵਿੱਚ ਵੀ ਉਸ ਦਾ ਇੱਕ ਕਵਿਤਾ ਸੰਗ੍ਰਹਿ ਇਲਹਾਮ ਛਪ ਚੁਕਾ ਹੈ। ਭਾਰਤ, ਬਹਿਰੀਨ, ਬੰਗਲਾਦੇਸ਼ ਅਤੇ ਮਲੇਸ਼ੀਆ ਵਿੱਚ ਹੋਏ ਕਵੀ ਦਰਬਾਰਾਂ ਵਿੱਚ ਉਹ ਹਿੱਸਾ ਲੈ ਚੁਕੀ ਹੈ। ਇਸ ਸਾਲ 2022 ਵਿੱਚ ਉਸ ਦੇ ਦੋ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋਣ ਲਈ ਤਿਆਰ ਨੇ। ਔਰਤ ਸ਼ਕਤੀਕਰਨ ਨਾਲ ਸਬੰਧਿਤ ਲਾਇਲਪੁਰ ਦੀਆਂ ਕਈ ਸਵੈ ਸੇਵੀ ਜਥੇਬੰਦੀਆਂ ਦੀ ਉਹ ਮੈਂਬਰ ਤੇ ਉੱਘੀ ਕਾਰਕੁਨ ਹੈ।

ਬੁਸ਼ਰਾ ਨਾਜ਼ ਨੇ ਧੰਨਵਾਦ ਕਰਦਿਆਂ ਕਿਹਾ ਕਿ ਮੇਰਾ ਪੂਰਾ ਪਰਿਵਾਰ ਪੰਜਾਬੀ ਲੇਖਕਾਂ ਨੂੰ ਮਿਲਣ ਲਈ ਲਾਇਲਪੁਰੋਂ ਚੱਲ ਕੇ ਆਇਆ ਹੈ।

ਉਸ ਕਿਹਾ ਕਿ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਆਪਣੇ ਘਰਾਂ ਵਿੱਚ ਪੰਜਾਬੀ ਦੀ ਸਰਦਾਰੀ ਤੋਂ ਸਾਨੂੰ ਸਭ ਨੂੰ ਅੱਗੇ ਵਧਣਾ ਪਵੇਗਾ। ਸਾਲ ਚ ਇੱਕ ਦਿਨ ਮਾਂ ਬੋਲੀ ਦਿਹਾੜਾ ਮਨਾ ਕੇ ਅਸੀਂ ਰਸਮ ਤਾਂ ਪੂਰੀ ਕਰ ਲੈਂਦੇ ਹਾਂ ਪਰ ਲੋੜਵੰਦੇ ਨਤੀਜੇ ਨਹੀਂ ਹਾਸਲ ਕਰ ਸਕਦੇ। ਸਾਨੂੰ ਹਰ ਰੋਜ਼ ਹਰ ਵਿਅਕਤੀ ਨੂੰ ਇਸ ਦਿਸ਼ਾ ਵੱਲ ਤੁਰਨ ਤੇ ਸਰਗਰਮ ਹੋਣ ਦੀ ਲੋੜ ਹੈ। ਉਹ ਦੱਸਦੀ ਹੈ ਕਿ ਮੇਰੀ ਜਣਨਹਾਰੀ ਮਾਂ ਉਰਦੂ ਬੋਲਦੀ ਸੀ ਪਰ ਪੰਜਾਬੀ ਮੈਂ ਆਪਣੀ ਸੱਸ ਤੋਂ ਸਿੱਖੀ ਹੈ। ਉਨ੍ਹਾਂ ਦੀ ਸੱਸ ਆਪਣੇ ਪਰਿਵਾਰ ਚ ਸਭ ਨਾਲ ਵਧੀਆ ਮੁਹਾਵਰੇਦਾਰ ਪੰਜਾਬੀ ਚ ਗੱਲ ਕਰਦੀ ਸੀ। ਉਸ ਤੋਂ ਸਿੱਖ ਕੇ ਹੀ ਮੈਂ ਪੰਜਾਬੀ ਦੇ ਵੱਡੇ ਸ਼ਾਇਰਾਂ ਨੂੰ ਪੜ੍ਹਿਆ ਤੇ ਉਨ੍ਹਾਂ ਤੋਂ ਮੁਤਾਸਰ ਹੋ ਕੇ ਸ਼ਿਅਰ ਕਹਿਣੇ ਆਰੰਭੇ। ਬੁਸ਼ਰਾ ਨਾਜ਼ ਨੇ ਕਿਹਾ ਕਿ ਹੁਣ ਉਹ ਗੁਰਮੁਖੀ ਅੱਖਰ ਗਿਆਨ ਹਾਸਲ ਕਰਨ ਦੀ ਵੀ ਕੋਸ਼ਿਸ਼ ਕਰੇਗੀ ਤਾਂ ਜੋ ਰਾਵੀ ਪਾਰਲੇ ਪੰਜਾਬੀ ਅਦਬ ਨਾਲ ਸਾਂਝ ਪਾ ਸਕੇ।

# 30 ਬੋਰ ਪਿਸਤੌਲ ਸਮੇਤ ਇੱਕ ਵਿਅਕਤੀ ਗ੍ਰਿਫ਼ਤਾਰ



**ਸਿੱਧਵਾਂ ਬੇਟ/ਅਰਜੁਨ ਸਹਿਜਪਾਲ:-** ਸ੍ਰੀ ਪਾਟਿਲ ਕੇਤਨ ਬਾਲੀਰਾਮ, ਆਈ.ਪੀ.ਐਸ, ਐਸ.ਐਸ.ਪੀ, ਲੁਧਿਆਣਾ (ਦਿਹਾਤੀ) ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੁਲਿਸ ਜਿਲ੍ਹਾ ਲੁਧਿਆਣਾ(ਦਿਹਾਤੀ) ਵੱਲੋਂ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਸਿੱਧਵਾਂ ਬੇਟ ਪੁਲਿਸ ਟੀਮ ਵੱਲੋਂ ਪਿਸਤੌਲ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ। ਇਸ ਮਾਮਲੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਏ.ਐਸ.ਆਈ. ਸੁਰਜੀਤ ਸਿੰਘ ਨੇ ਦੱਸਿਆ ਕਿ ਕੱਲ ਜਦੋਂ ਉਹ ਸਾਥੀ ਕਰਮਚਾਰੀਆਂ ਸਮੇਤ ਸ਼ੱਕੀ ਪੁਰਸ਼ਾਂ ਅਤੇ ਵਹੀਕਲਾਂ ਦੀ ਚੈਕਿੰਗ ਦੇ ਸਬੰਧ ਵਿੱਚ ਪਿੰਡ ਸ਼ੇਰੇਵਾਲ ਨੂੰ ਜਾ ਰਹੇ ਸਨ ਤਾਂ ਰਸਤੇ ਵਿੱਚ ਸਾਹਮਣੇ ਇੱਕ ਨੌਜਵਾਨ ਪੈਦਲ ਤੁਰਿਆ ਆਉਂਦਾ ਦਿਖਾਈ ਦਿੱਤਾ, ਜੋ ਪੁਲਿਸ ਟੀਮ ਦੀ ਗੱਡੀ ਨੂੰ ਦੇਖ ਕੇ ਇੱਕਦਮ ਪਿੱਛੇ ਵੱਲ ਨੂੰ ਤੇਜ ਕਦਮੀ ਮੁੜ ਗਿਆ। ਜਦੋਂ ਪੁਲਿਸ ਵੱਲੋਂ ਸ਼ੱਕ ਦੇ ਅਧਾਰ ਤੇ ਉਸਨੂੰ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਇੱਕ ਪਿਸਤੌਲ 30 ਬੋਰ ਬਰਾਮਦ ਹੋਇਆ। ਮਾਮਲੇ ਦੇ ਤਫ਼ਤੀਸ਼ੀ ਅਫ਼ਸਰ ਏ.ਐਸ.ਆਈ. ਸੁਰਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਸਿੱਧਵਾਂ ਬੇਟ ਵਿਖੇ 25-54-59 ਆਰਮਜ਼ ਐਕਟ ਦੇ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਵਿਧਾਇਕ ਸੰਤੋਸ਼ ਕਟਾਰੀਆ ਨੇ ਬਲਾਚੌਰ ਨਗਰ ਕੌਂਸਲ ਦਾ ਲਿਆ ਜਾਇਜ਼ਾ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ:-** ਸ਼ਹਿਰ ਵਾਸੀਆਂ ਦੀਆਂ ਸਹੂਲਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਅੱਜ ਬੀਬੀ ਸੰਤੋਸ਼ ਕਟਾਰੀਆ ਹਲਕਾ ਵਿਧਾਇਕ ਬਲਾਚੌਰ ਨੇ ਨਗਰ ਕੌਂਸਲ ਬਲਾਚੌਰ ਦਾ ਜਾਇਜਾ ਲਿਆ। ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਨੇ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਹੋਇਆ ਕਿਹਾ ਕਿ ਕੀ ਤੁਸੀਂ ਬਲਾਚੌਰ ਦੀ ਜਨਤਾ ਨੂੰ ਬਿਨਾਂ ਖੱਜਲ ਖੁਆਰ ਕੀਤੇ ਉਨ੍ਹਾਂ ਦੇ ਪਹਿਲ ਦੇ ਆਧਾਰ ਤੇ ਐਨਓਸੀ ਤੇ ਨਕਸ਼ੇ ਪਾਸ ਕਰਕੇ ਦੇਣੇ ਹਨ ਤਾਂ ਜੋ ਕਿਸੇ ਨੂੰ ਕੋਈ ਪਰੇਸ਼ਾਨੀ ਨਾ ਆ ਸਕੇ। ਸ਼ਹਿਰ ਵਿਚ ਗਲੀਆਂ ਨਾਲੀਆਂ ਦੀ ਚੰਗੀ ਤਰ੍ਹਾਂ ਸਫ਼ਾਈ ਕਰਵਾਉਣੀ ਹੈ ਤੇ ਲਾਈਟਾਂ ਦਾ ਖਾਸ ਤੌਰ ਤੇ ਉਚਿਤ ਪ੍ਰਬੰਧ ਕਰਨਾ ਹੈ। ਬੀਬੀ ਕਟਾਰੀਆ ਨੇ ਜਨਤਾ ਨੂੰ ਵੀ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਤੁਸੀਂ ਵੀ ਸਾਰੇ ਜਣੇ ਨਗਰ ਕੌਂਸਲ ਦੇ ਮੁਲਾਜ਼ਮਾਂ ਦਾ ਸਾਥ ਦਿਓ ਤਾਂ ਕਿ ਉਹ ਸਮੇਂ ਸਿਰ ਤੁਹਾਨੂੰ ਕੰਮ ਕਰਕੇ ਦੇ ਸਕਣ। ਇਸ ਮੌਕੇ ਨਗਰ ਕੌਂਸਲ ਦਾ ਸਮੂਹ ਸਟਾਫ ਮੌਜੂਦ ਸੀ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਗ੍ਰਾਮੀਣ ਖੇਤਰਾਂ ਵਿੱਚ ਬੈਂਕਾਂ ਦਾ ਵਿਸਤਾਰ ਜ਼ਰੂਰੀ






ਇਹ ਇੱਕ ਸੱਚਾਈ ਹੈ ਕਿ ਭਾਰਤ ਪਿੰਡਾਂ ਵਿੱਚ ਵੱਸਦਾ ਹੈ। ਜਦੋਂ ਪਿੰਡਾਂ ਦੇ ਵਿੱਚ ਕੋਈ ਤਰੱਕੀ , ਕੋਈ ਵਿਕਾਸ , ਜਾਗਰੂਕਤਾ , ਖ਼ੁਸ਼ਹਾਲੀ ਜਾਂ ਸਾਖ਼ਰਤਾ ਆਉਂਦੀ ਹੈ ਤਾਂ ਉਸ ਦਾ ਅਸਰ ਪੂਰੇ ਭਾਰਤ ਦੇਸ਼ ਵਿੱਚ ਦੇਖਣ ਨੂੰ ਮਿਲਦਾ ਹੈ। ਅੱਜ ਹਰ ਖੇਤਰ ਵਿੱਚ ਭਾਰਤ ਦੇ ਪਿੰਡਾਂ ਵਿੱਚ ਕਾਫੀ ਤਰੱਕੀ ਹੋਈ ਤੇ ਹੁਣ ਪਹਿਲਾਂ ਵਾਲੇ ਪਿੰਡ ਦੇਖਣ ਨੂੰ ਨਹੀਂ ਰਹੇ। ਪਿੰਡ ਵੀ ਅੱਜਕੱਲ੍ਹ ਬਹੁਤ ਤਰੱਕੀ ਕਰ ਚੁੱਕੇ ਹਨ।ਇਸ ਸਭ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਪਿੰਡਾਂ ਵਿੱਚ ਬੈਂਕਾਂ ਦੀ ਪਹੁੰਚ, ਬੈਂਕਾਂ ਦਾ ਵਿਸਥਾਰ , ਬੈਂਕਾਂ ਦੀਆਂ ਸ਼ਾਖਾਵਾਂ ਦੀ ਵਧੇਰੇ ਮੌਜੂਦਗੀ ਗ੍ਰਾਮੀਣ ਲੋਕਾਂ ਅਤੇ ਆਰਥਿਕ ਤੌਰ ਤੇ ਪੱਛੜੇ ਵਿਅਕਤੀਆਂ , ਲੜਕੀਆਂ ਅਤੇ ਖ਼ਾਸ ਤੌਰ ਤੇ ਔਰਤਾਂ ਲਈ ਬਹੁਤ ਹੀ ਜ਼ਿਆਦਾ ਚੰਗਾ ਤੇ ਸਾਰਥਕ ਕਦਮ ਹੋਵੇਗਾ। ਜੇਕਰ ਪਿੰਡ ਪੱਧਰ ਤੇ ਬੈਂਕਾਂ ਦਾ ਵਧੇਰੇ ਵਿਕਾਸ ਹੁੰਦਾ ਹੈ ਤਾਂ ਆਰਥਿਕ ਸਾਖਰਤਾ ਦੀ ਜੜ੍ਹ ਬਹੁਤ ਜ਼ਿਆਦਾ ਮਜ਼ਬੂਤ ਹੋਵੇਗੀ। ਲੋਕਾਂ ਨੂੰ ਰਾਜ ਅਤੇ ਕੇਂਦਰ ਸਰਕਾਰ ਦੀਆਂ ਬੈਂਕਾਂ ਸੰਬੰਧੀ ਵੱਖ - ਵੱਖ ਤਰ੍ਹਾਂ ਦੀਆਂ ਔਰਤਾਂ ਅਤੇ ਬੱਚੀਆਂ ਦੀਆਂ ਸਕੀਮਾਂ , ਗਰੀਬ ਤਬਕੇ ਦੀਆਂ ਸਕੀਮਾਂ ਤੇ ਸਵੈ - ਰੁਜ਼ਗਾਰ ਦੀਆਂ ਸਕੀਮਾਂ ਬਾਰੇ ਜਾਣਕਾਰੀ ਮਿਲੇਗੀ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਭਾਰਤ ਦੇ ਪਿੰਡਾਂ ਵਿੱਚ ਬੈਂਕਾਂ ਦਾ ਵੱਧ ਤੋਂ ਵੱਧ ਵਿਸਥਾਰ ਹੋਵੇ ਅਤੇ ਬੈਂਕਾਂ ਰਾਹੀਂ ਗ੍ਰਾਮੀਣ ਲੋਕਾਂ ਨੂੰ , ਔਰਤਾਂ ਨੂੰ ਅਤੇ ਨੌਜਵਾਨਾਂ ਨੂੰ ਸਰਕਾਰ ਦੀਆਂ ਵੱਖ - ਵੱਖ ਤਰ੍ਹਾਂ ਦੀਆਂ ਰੁਜ਼ਗਾਰ , ਸਿਹਤ , ਬੀਮਾ , ਫ਼ਸਲਾਂ ਅਤੇ ਆਰਥਿਕਤਾ ਨਾਲ ਸੰਬੰਧਿਤ ਯੋਜਨਾਵਾਂ ਬਾਰੇ ਜਾਗਰੂਕ ਕੈਂਪ ਲਗਾ ਕੇ ਉਨ੍ਹਾਂ ਵਿੱਚ ਜਾਗਰੂਕਤਾ ਲਿਆਂਦੀ ਜਾ ਸਕੇ ਤੇ ਉਨ੍ਹਾਂ ਨੂੰ ਬੈਂਕ ਤੱਕ ਪਹੁੰਚ ਬਣਾਉਣ ਲਈ ਸੁਖਾਲੀ ਪ੍ਰਕਿਰਿਆ ਪ੍ਰਣਾਲੀ ਮੁਹੱਈਆ ਕਰਵਾਈ ਜਾ ਸਕੇ। ਇਸ ਸਭ ਦਾ ਭਵਿੱਖ ਵਿੱਚ ਇਹ ਨਤੀਜਾ ਹੋਵੇਗਾ ਕਿ ਸਵੈ - ਰੁਜ਼ਗਾਰ ਪ੍ਰਫੁੱਲਤ ਹੋਣਗੇ , ਵੱਖ - ਵੱਖ ਸਰਕਾਰੀ ਸਕੀਮਾਂ ਲੋਕਾਂ ਤੱਕ ਪਹੁੰਚਣਗੀਆਂ , ਲੋਕ ਉਸ ਦਾ ਲਾਭ ਉਠਾਉਣਗੇ, ਖ਼ਾਸ ਤੌਰ ਤੇ ਬੱਚੀਆਂ ਤੇ ਔਰਤਾਂ ਆਰਥਿਕ ਸਾਖਰਤਾ ਪੱਖੋਂ ਉੱਨਤੀ ਕਰ ਸਕਣਗੀਆਂ। ਜੇਕਰ ਸਰਕਾਰ ਇਸ ਪਾਸੇ ਧਿਆਨ ਦੇਵੇ ਤਾਂ ਦੇਸ਼ ਵਿਚੋਂ ਬੇਰੁਜ਼ਗਾਰੀ ਦੀ ਸਮੱਸਿਆ ਵੀ ਕਾਫੀ ਘੱਟ ਸਕਦੀ ਹੈ ਤੇ ਆਰਥਿਕ ਧੋਖਾਧੜੀਆਂ ਨੂੰ ਵੀ ਨੱਥ ਪਾਈ ਜਾ ਸਕਦੀ ਹੈ ਤੇ ਦੇਸ਼ ਨੂੰ ਹੋਰ ਵਧੇਰੇ ਤਰੱਕੀ ਤੇ ਖੁਸ਼ਹਾਲੀ ਵੱਲ ਲੈ ਜਾਇਆ ਜਾ ਸਕਦਾ ਹੈ।

**ਅੰਤਰਰਾਸ਼ਟਰੀ ਲੇਖਕ ਮਾਸਟਰ ਸੰਜੀਵ ਧਰਮਾਣੀ ਸ੍ਰੀ ਅਨੰਦਪੁਰ ਸਾਹਿਬ**



# ਗੁਰਦਾਸਪੁਰ ਚ ਕੇਂਦਰੀ ਟ੍ਰੇਡ ਯੂਨੀਅਨਾਂ ਦੇ ਸੱਦੇ ਤੇ ਕੀਤੀ ਹੜਤਾਲ਼



**ਗੁਰਦਾਸਪੁਰ/ਨਵਨੀਤ ਕੁਮਾਰ**

ਕੇਂਦਰੀ ਟ੍ਰੇਡ ਯੂਨੀਅਨਾਂ ਦੇ ਸੱਦੇ ਤੇ 28ਅਤੇ29 ਮਾਰਚ ਨੂੰ ਮੋਦੀ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕਿਰਤ ਕਾਨੂੰਨਾਂ ਵਿੱਚ ਸੋਧਾਂ ਦੇ ਖਿਲਾਫ ਕੀਤੀ ਜਾ ਰਹੀ ਹੜਤਾਲ ਵਿੱਚ ਇਫਟੂ ਗੁਰਦਾਸਪੁਰ ਅਤੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਨਾਲ ਸਬੰਧਤ ਮੁਲਾਜ਼ਮ ਜਥੇਬੰਦੀਆਂ ਨੇ ਸੁਕਾ ਤਲਾਅ ਗੁਰਦਾਸਪੁਰ ਵਿਖੇ ਰੋਸ ਰੈਲੀ ਕਰਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਰਾਹੀਂ ਮੰਗ ਪੱਤਰ ਦਿੱਤਾ। ਉਸਾਰੀ ਮਿਸਤਰੀ ਮਜਦੂਰ ਯੂਨੀਅਨ, ਆਸ਼ਾ ਵਰਕਰਜ ਅਤੇ ਫੈਸੀਲੀਟੇਟਰਜ, ਮਿਡ ਡੇ ਮੀਲ ਕੁੱਕ ਬੀਬੀਆਂ, ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਨਾਲ ਸਬੰਧਤ ਵੱਡੀ ਗਿਣਤੀ ਵਿਚ ਆਏ ਵਰਕਰਾਂ ਨੇ ਕੇਂਦਰ ਸਰਕਾਰ ਦੀ ਮਜ਼ਦੂਰ ਵਿਰੋਧੀ ਨੀਤੀਆਂ ਦੀ ਅਲੋਚਨਾਂ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਜੋਗਿੰਦਰ ਪਾਲ ਪਨਿਆੜ, ਕਾਮਰੇਡ ਰਮੇਸ਼ ਰਾਣਾ, ਜੋਗਿੰਦਰ ਪਾਲ ਘੁਰਾਲਾ ਹਰਜਿੰਦਰ ਸਿੰਘ ਵਡਾਲਾ ਬਾਂਗਰ ਨੇ ਕਿਹਾ ਕਿ ਨੋਟ ਬੰਦੀ, ਕਰੋਨਾ ਲਾਕਡਾਉਨ, ਖੇਤੀ ਕਾਲੇ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਬਾਅਦ ਮੋਦੀ ਸਰਕਾਰ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਵਿੱਚ ਭੁੱਗਤਣ ਲਈ 29 ਮਜ਼ਦੂਰ ਪੱਖੀ ਕਾਨੂੰਨ ਰੱਦ ਕਰਕੇ 4 ਲੇਬਰ ਕੋਡ ਬਣਾ ਕੇ ਮਜ਼ਦੂਰ ਜਮਾਤ ਤੋ ਦੋ ਸਦੀਆਂ ਪਹਿਲਾਂ ਪ੍ਰਾਪਤ ਅਧਿਕਾਰਾਂ ਨੂੰ ਖੋਹਣ ਜਾ ਰਹੀ ਹੈ। ਆਸ਼ਾ ਵਰਕਰਾਂ ਦੀ ਆਗੂਆਂ ਬਲਵਿੰਦਰ ਕੌਰ ਅਲੀ ਸ਼ੇਰ, ਗੁਰਵਿੰਦਰ ਕੌਰ ਬਹਿਰਾਮਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਐਲਾਨੀ 2500 ਰੁਪਏ ਮਹੀਨਾ ਦੇਣ ਦੀ ਮੰਗ ਕੀਤੀ। ਕਰੋਨਾ ਪੀਰੀਅੜ ਦੇ ਪੈਸੇ ਜਾਰੀ ਕਰਵਾਉਣ, ਘੱਟੋ ਘੱਟ ਉਜਰਤ ਕਾਨੂੰਨ ਲਾਗੂ ਕਰਨ ਦਾ ਮੁੱਦਾ ਉਠਾਇਆ ਹੈ। ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਆਗੂ ਨਿਰਮਲ ਸਿੰਘ ਸਰਵਾਲੀ, ਅਮਰਜੀਤ ਸ਼ਾਸਤਰੀ ਨੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਕੱਚੇ ਕਾਮਿਆਂ ਨੂੰ ਪੱਕੇ ਕਰਨ ਦੀ ਮੰਗ ਕੀਤੀ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸਤਿਬੀਰ ਸਿੰਘ ਸੁਲਤਾਨੀ ਕੇਂਦਰ ਸਰਕਾਰ ਵਲੋਂ ਰਾਜਾ ਦੇ ਅਧਿਕਾਰਾਂ ਤੇ ਛਾਪਾ ਮਾਰਕੇ ਚੰਡੀਗੜ੍ਹ ਨੂੰ ਖੋਹਣ, ਬਿਜਲੀ ਬਿੱਲ ਪਾਸ ਕਰਕੇ ਨਵੇ ਮੀਟਰ ਲਾਉਣ ਦਾ ਲੋਕ ਵਿਰੋਧੀ ਫੈਸਲਿਆਂ ਖਿਲਾਫ ਸੰਘਰਸ਼ ਕਰਨ ਦਾ ਸੱਦਾ ਦਿੱਤਾ।

# ਲਾਈਫ ਕੇਅਰ ਐਜੂਕੇਸ਼ਨ ਵੈਲਫੇਅਰ ਸੁਸਾਇਟੀ ਦੀ ਹੋਈ ਮਹੀਨਾਵਾਰ ਮੀਟਿੰਗ



**ਅੰਮ੍ਰਿਤਸਰ/ਰਾਜਾ ਕੋਟਲੀ**

ਲਾਈਫ ਕੇਅਰ ਐਜੂਕੇਸ਼ਨ ਵੈਲਫੇਅਰ ਸੁਸਾਇਟੀ ਦੀ ਇਕ ਵਿਸ਼ੇਸ਼ ਕੁੰਵਰ ਕਲੀਨਿਕ ਸੰਧੂ ਕਲੋਨੀ ਛੇਹਰਟਾ ਵਿੱਖੇ ਸੁਸਾਇਟੀ ਦੇ ਪ੍ਰਧਾਨ ਕਸ਼ਮੀਰ ਸਿੰਘ ਸਹੋਤਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਉਚੇਚੇ ਤੌਰ ‘ਤੇ ਸੁਸਾਇਟੀ ਦੇ ਸਰਪ੍ਰਸਤ ਡਾ.ਕੁੰਵਰ ਵਿਸ਼ਾਲ, ਚੇਅਰਮੈਨ ਦੀਪਕ ਸੂਰੀ ਅਤੇ ਮਹਿਲਾ ਵਿੰਗ ਦੀ ਵਾਈਸ ਪ੍ਰਧਾਨ ਰੂਪਾ ਸ਼ਰਮਾ ਹਾਜ਼ਰ ਹੋਏ। ਇਸ ਮੋਕੇ ਸੁਸਾਇਟੀ ਵੱਲੋਂ ਪਿਛਲੇ ਕੀਤੇ ਕੰਮਾਂ ਤੇ ਵਿਚਾਰ ਚਰਚਾ ਕੀਤੀ ਗਈ।ਅਤੇ ਹਰ ਮੈਬਰ ਕੋਲੋ ਮੈਂਬਰਸ਼ਿਪ 1ਤਰੀਕ ਤੋ ਲੈ ਕੇ 5 ਤਰੀਕ ਤੱਕ ਲੈਣ ਲਈ ਵਿਸ਼ੇਸ ਚਰਚਾ ਕੀਤੀ ਗਈ,ਇਸ ਮੋਕੇ ਕਸ਼ਮੀਰ ਸਹੋਤਾ, ਡਾ. ਕੁੰਵਰ ਵਿਸ਼ਾਲ,ਦੀਪਕ ਸੂਰੀ ਨੇ ਸਾਂਝੇ ਤੌਰ ‘ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 17 ਅਪ੍ਰੈਲ ਨੂੰ ਇਕ ਵਿਸ਼ਾਲ ਖ਼ੂਨਦਾਨ ਕੈਂਪ ਦਾ ਅਯੋਜਨ ਕੀਤਾ ਜਾ ਰਿਹਾ ਹੈ ਅਤੇ ਸੁਸਾਇਟੀ ਵੱਲੋਂ ਜਿੱਥੇ ਗਰੀਬ ‘ਤੇ ਜਰੂਰਤਮੰਦ ਸਕੂਲੀ ਬੱਚਿਆ ਨੂੰ ਬੂਟ,ਜੁਰਾਬਾ,ਬੈਗ ਦਿੱਤੇ ਜਾਣਗੇ,ਉੱਥੇ ਵਾਤਾਵਰਣ ਦੀ ਸ਼ੁੱਧ ਰੱਖਣ ਲਈ ਹਰ ਪਿੰਡ ਅਤੇ ਸ਼ਹਿਰ ਵਿਚ ਸਾਫ-ਸਫਾਈ ਰੱਖਣ ਤੋ ਇਲਾਵਾ ਫੁੱਲਦਾਰ ਤੇ ਛਾਂਦਾਰ ਬੂਟੇ ਲਗਾਏ ਜਾਣਗੇ ਉੱਥੇ ਵਿਸ਼ੇਸ਼ ਕੈਂਪਾਂ ਰਾਹੀ ਨੋਜਵਾਨਾਂ ਨੂੰ ਨਸ਼ਿਆ ਤੋਂ ਦੂਰ ਰਹਿਣ ਅਤੇ ਨਸ਼ਿਆ ਤੋਂ ਹੋ ਰਹੇ ਨੁਕਸਾਨ ਬਾਰੇ ਵੀ ਜਾਣੂ ਕਰਵਾਇਆ ਜਾਵੇਗਾ।ਇਸ ਮੋਕੇ ਹਰਪਾਲ ਸੰਧੂ,ਹਰਜਿੰਦਰ ਸਿੰਘ ਅਟਾਰੀ,ਰੂਪਾ ਸ਼ਰਮਾ,ਐਸ.ਕੇ ਬਿੰਦਰਾ ਆਦਿ ਹਾਜ਼ਰ ਸਨ।

# ਡੀ.ਬੀ.ਈ.ਈ. ਵੱਲੋਂ ਨੌਜਵਾਨਾਂ ਨੂੰ ਟੈਲੀਗ੍ਰਾਮ ਚੈਨਲ ਨਾਲ ਜੁੜਨ ਦੀ ਅਪੀਲ - ਲਿੰਕ https://t.me/DbeeLudhiana ’ਤੇ ਕਲਿੱਕ ਕਰਕੇ ਚੈਨਲ ਨਾਲ ਜੁੜਿਆ ਜਾ ਸਕਦਾ ਹੈ

**ਲੁਧਿਆਣਾ/ਸੁਖਚੈਨ ਮਹਿਰਾ**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਲੁਧਿਆਣਾ ਦੇ ਡਿਪਟੀ ਡਾਇਰੈਕਟਰ ਸ਼੍ਰੀਮਤੀ ਮਿਨਾਕਸ਼ੀ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਿਊਰੋ ਦੇ ਦਫਤਰ ਦੀਆਂ ਸਾਰੀਆਂ ਗਤੀਵਿਧੀਆਂ ਹੁਣ ਸਾਡੇ ਟੈਲੀਗ੍ਰਾਮ ਚੈਨਲ ਤੇ ਉਪਲਬਧ ਹਨ। ਇਸ ਲਈ ਜ਼ਿਲ੍ਹਾ ਲੁਧਿਆਣਾ ਦੇ ਸਮੂਹ ਉਮੀਦਵਾਰਾਂ ਨੂੰ ਇਸ ਚੈਨਲ ਨਾਲ ਜੁੜਨ ਦੀ ਅਪੀਲ ਕੀਤੀ ਜਾਂਦੀ ਹੈ।

ਡੀ.ਬੀ.ਈ.ਈ. ਦੇ ਡਿਪਟੀ ਸੀ.ਈ.ਓ. ਸ੍ਰੀ ਨਵਦੀਪ ਸਿੰਘ ਨੇ ਦੱਸਿਆ ਕਿ ਟੈਲੀਗ੍ਰਾਮ ਚੈਨਲ ਇੱਕ ਅਜਿਹਾ ਪਲੇਟਫਾਰਮ ਹੈ ਜਿੱਥੇ ਅਸੀਂ ਬੇਅੰਤ ਲੋਕਾਂ ਨੂੰ ਜੋੜ ਸਕਦੇ ਹਾਂ, ਤਾਂ ਜੋ ਉਹ ਹਰ ਤਰ੍ਹਾਂ ਦੀਆਂ ਨੌਕਰੀਆਂ ਦੀਆਂ ਸੂਚਨਾਵਾਂ (ਸਰਕਾਰੀ ਅਤੇ ਪ੍ਰਾਈਵੇਟ), ਮੁਫਤ ਸਰਕਾਰੀ ਸੂਚਨਾਵਾਂ ਬਾਰੇ ਤੁਰੰਤ ਅਤੇ ਨਵੀਨਤਮ ਜਾਣਕਾਰੀ ਪ੍ਰਾਪਤ ਕਰ ਸਕਣ। ਉਨ੍ਹਾਂ ਦੱਸਿਆ ਕਿ ਜੌਬ ਕੋਚਿੰਗ, ਕਰੀਅਰ ਕਾਉਂਸਲਿੰਗ, ਪਲੇਸਮੈਂਟ ਕੈਂਪ, ਸਵੈ-ਰੁਜ਼ਗਾਰ, ਹੁਨਰ ਵਿਕਾਸ ਕੋਰਸ ਅਤੇ ਡੀ.ਬੀ.ਈ.ਈ. ਦੁਆਰਾ ਨੌਜਵਾਨਾਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਹੋਰ ਸਾਰੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਲਿੰਕ https://t.me/DbeeLudhiana ਤੇ ਕਲਿੱਕ ਕਰਕੇ ਚੈਨਲ ਨਾਲ ਜੁੜ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਪਲੇ ਸਟੋਰ ਜਾਂ ਐਪ ਸਟੋਰ ਤੋਂ ਟੈਲੀਗ੍ਰਾਮ ਐਪ ਡਾਊਨਲੋਡ ਕਰਕੇ ਜਾਂ Dbee Ludhiana ਸਰਚ ਕਰਕੇ ਚੈਨਲ ਨਾਲ ਜੁੜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 77400-01682 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਸੇਵਾ ਕਰਨਾ ਹੀ ਮੇਰਾ ਧਰਮ ਹੈ ਪੰਜਾਬੀ ਸੇਵਾ ਨੂੰ ਹੀ ਪਹਿਲ ਦਿੰਦਾ ਹੈ -ਗੋਸ਼ਾ ਕੇਂਦਰ ਸਰਕਾਰ ਬਹੁਤ ਵਧੀਆ ਉਪਰਾਲੇ ਕਰਕੇ ਪਿਛੜੇ ਲੋਕਾਂ ਨੂੰ ਸਮਾਜ ਵਿੱਚ ਅੱਗੇ ਵਧਾ ਰਹੀ ਹੈ ਰਸਤਾ ਨਈ ਦੁਨੀਆ ਕਿ ਔਰ ਵਧੀਆ ਕੰਮ ਕਰ ਰਹੀ - ਗੋਸ਼ਾ




**ਲੁਧਿਆਣਾ/ਕਰਨ ਅਗਰਵਾਲ**

ਪੀ ਏ ਯੂ ਵਿਖੇ 200 ਵਿਦਆਰਥੀ ਦੇ ਕਰੀਬ ਕੇਂਦਰ ਸਰਕਾਰ ਦੇ ਯੂਥ ਵੈਲਫੇਅਰ ,ਖੇਲ ਮੰਤਰਾਲਿਆ ਵਲੋ ਆਦਿਵਾਸੀ ਵਿਦਿਆਰਥੀ ਨੂੰ ਅਦਾਨ ਪਰਧਾਨ ਵਾਸਤੇ ਪੰਜਾਬ ਫੇਰੀ ਲਗਵਾਈ ਗਈ ਜਿਸ ਵਿੱਚ ਵਿਦਾਰਥੀਆ ਨੇ ਆਪਣਾ ਆਦਿਵਾਸੀ ਨਾਚ, ਕਲਚਰ ਦਾ ਮੁਕਾਬਲਾ ਕਾਰਵਾਈ ਗਿਆ ਜਿਸ ਵਿਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਇਸ ਮੌਕੇ ਤੇ ਏਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਗੁਰਦੀਪ ਸਿੰਘ ਗੋਸ਼ਾ, ਦਮਨ ਕਪੂਰ,ਅਮਿਤ ਗੋਇਲ,ਵਿਸ਼ਾਲ ਕੁਮਾਰ ਨੇ ਸ਼ਿਰਕਤ ਕੀਤੀ,ਰਸਤਾ ਨਈ ਦੁਨੀਆ ਕਿ ਔਰ ਐਨ ਜੀ ਓ ਵਲੋ ਵਿਦਿਆਰਥੀ ਨੂੰ ਖਾਣ ਪੀਣ ਦੀਆ ਵਸਤੂਆਂ ਮੁਹਈਆ ਕਰਵਾਈਆ ਗਇਆ ਗੁਰਦੀਪ ਸਿੰਘ ਗੋਸ਼ਾ ਨੇ ਬੋਲਦੇ ਕਿਹਾ ਸਾਡੇ ਦੇਸ਼ ਦਾ ਵਿਰਸਾ ਬਹੁਤ ਅਮੀਰ ਹੈ ਹੈ ਸਾਨੂੰ ਅੱਤਵਾਦ ਦੇ ਖਿਲਾਫ ਇਕ ਹੋ ਕੇ ਲੜਨਾ ਚਾਹਿਦਾ ਕੇਂਦਰ ਸਰਕਾਰ ਵੱਲੋਂ ਬਹੁਤ ਵਧੀਆ ਉਪਰਾਲੇ ਕੀਤੇ ਜਾ ਰਹੇ ਹਨ ਪਰਧਾਨ ਮੰਤਰੀ ਮੋਦੀ ਜੀ ਦੀ ਅਗਵਾਈ ਵਿੱਚ ਦੇਸ਼ ਵਿੱਚੋ ਅੱਤਵਾਦ ਦਾ ਖਾਤਮਾ ਕੀਤਾ ਜਾ ਰਿਹਾ ਆਦਿਵਾਸੀਆਂ ਵਿਦਿਆਰਥੀਆਂ ਨੂੰ ਆਪਣੇ ਦੇਸ਼ ਦੇ ਵਿਰਸੇ ਦੇ ਨਾਲ ਜੋੜਨ ਲਈ ਪੰਜਾਬ ਦੇ ਹੋਰ ਪ੍ਰਾਂਤਾ ਵਿੱਚ ਲਿਜਾ ਕੇ ਓਹਨਾ ਨੂੰ ਦੇਸ਼ ਪ੍ਰੇਮ ਪ੍ਰਤੀ ਜਾਗਰੂਕ ਕੀਤਾ ਹਾ ਰਿਹਾ ਏਸ ਵਕਤ ਰਸਤਾ ਨਈ ਦੁਨੀਆ ਕਿ ਔਰ ਦੇ ਸਾਰੇ ਸੇਵਾ ਵਾਲੇ ਸੱਜਣ ਜਿਨਾ ਵਿੱਚ ਉਚੇਚੇ ਤੌਰ ਤੇ ਪ੍ਰਧਾਨ ਹਰਕੀਰਤ ਸਿੰਘ,ਮਾਧਵ,ਅਨਿਲ ਬਾਜਵਾ,ਮੋਹਿਤ ਭਾਟੀਆ,ਨਿਰਮਲ ਸਿੰਘ ਨੇਹਰੂ ਯੁਵਾ ਸੰਗਠਨ ਦੇ ਜਿਲਾ ਯੂਥ ਆਫਿਸਰ ਰਸ਼ਮੀਤ ਕੌਰ,ਗਗਨ ਸੰਧੂ ਦੇ ਕੰਮ ਦੀ ਸਰਾਹਨਾ ਕੀਤੀ ਅਤੇ ਗੋਸ਼ਾ ਨੇ ਕਿਹਾ ਹਮੇਸ਼ਾ ਦੇਸ਼ ਕੌਮ ਦੀ ਸੇਵਾ ਖਾਤਿਰ ਹਾਜਿਰ ਰਹਾਂਗਾ ਪੰਜਾਬੀ ਹਮੇਸ਼ਾ ਸੇਵਾ ਲਈ ਤਿਆਰ ਬਰ ਤਿਆਰ ਰਹਿੰਦੇ ਹਨ,ਵਿਸ਼ਾਲ ਲਹੋਟ, ਪ੍ਰਭਜੀਤ ਸਿੰਘ ਪੰਧੇਰ ਆਦਿ ਹਾਜਿਰ ਸਨ।

# ਨੀਲੇ ਕਾਰਡਾਂ ਤੇ ਬੁਢਾਪਾ ਪੈਨਸ਼ਨਾ ਦੀ ਹੋਵੇ ਜਾਂਚ : ਨੰਬਰਦਾਰ ਬੈਨੀਪਾਲ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਨੰਬਰਦਾਰ ਸੰਤੋਖ ਸਿੰਘ ਬੈਨੀਪਾਲ ਨੇ ਪੰਜਾਬ ਸਰਕਾਰ ਵੱਲੋਂ ਮਿਲਣ ਵਾਲੀਆਂ ਸਰਕਾਰੀ ਸਹੂਲਤਾਂ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਗਲਤ ਜਾਣਕਾਰੀ ਦੇ ਕੇ ਨੀਲੇ ਕਾਰਡ ਤੇ ਬੁਢਾਪਾ ਪੈਨਸ਼ਨਾ ਲਗਾਈਆਂ ਗਈਆਂ ਹਨ। ਜਦੋ ਕਿ ਨੀਲੇ ਕਾਰਡ ਤੇ ਬੁਢਾਪਾ ਪੈਨਸ਼ਨਾ ਦੇ ਅਸਲੀ ਹੱਕਦਾਰ ਗਰੀਬ ਵਰਗਾਂ ਦੇ ਲੋਕ ਹਨ। ਵਧੀਆ ਘਰਾਂ ਤੇ ਕੋਠੀਆਂ ਵਿੱਚ ਰਹਿਣ ਵਾਲੇ ਲੋਕ ਨੀਲੇ ਕਾਰਡ ਬਣਾਕੇ ਸਰਕਾਰੀ ਡੀਪੂਆ ਤੋਂ ਰਾਸ਼ਨ ਲੈ ਰਹੇ ਹਨ ਅਤੇ ਬੁਢਾਪਾ ਪੈਨਸ਼ਨਾ ਦਾ ਲਾਭ ਲੈ ਰਹੇ ਹਨ। ਪੰਜਾਬ ਚ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਦੇ ਗਰੀਬ ਵਰਗਾਂ ਨੂੰ ਸਰਕਾਰੀ ਸਹੂਲਤਾਂ ਦਾ ਲਾਭ ਦੇਣ ਲਈ ਨੀਲੇ ਕਾਰਡ ਤੇ ਬੁਢਾਪਾ ਪੈਨਸ਼ਨਾ ਲਗਾਈਆਂ ਸਨ। ਪਰੰਤੂ ਪਿੰਡਾਂ ਤੇ ਸ਼ਹਿਰਾਂ ਦੇ ਗਰੀਬ ਵਰਗਾਂ ਦੇ ਲੋਕਾਂ ਨੂੰ ਅੱਖੋ ਪਰੋਖੇਂ ਕਰਕੇ ਸਮੇਂ ਸਮੇ ਦੀਆਂ ਸਰਕਾਰਾਂ ਨੇ ਬਿਨਾ ਜਾਂਚ ਪੜਤਾਲ ਕੀਤੇ ਵਧੀਆਂ ਖਾਦੇਂ ਪੀਦੇ ਲੋਕਾਂ ਦੇ ਨੀਲੇ ਕਾਰਡ ਬਣਾਏ ਤੇ ਬੁਢਾਪਾ ਪੈਨਸ਼ਨਾ ਲਗਾਈਆਂ ਸਨ। ਜੋ ਅੱਜ ਤੱਕ ਸਰਕਾਰ ਦੇ ਖਜ਼ਾਨੇ ਵਿੱਚੋਂ ਲਾਭ ਲੈ ਰਹੇ ਹਨ। ਪਿੰਡ ਰੋਹਣੋਂ ਦੇ ਨੰਬਰਦਾਰ ਸੰਤੋਖ ਸਿੰਘ ਬੈਨੀਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਿਲਣ ਵਾਲੀਆਂ ਸਰਕਾਰੀ ਸਹੂਲਤਾਂ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਸਰਕਾਰ ਨੂੰ ਗਲਤ ਜਾਣਕਾਰੀ ਦੇ ਕੇ ਨੀਲੇ ਕਾਰਡ ਤੇ ਬੁਢਾਪਾ ਪੈਨਸ਼ਨਾ ਲਗਾਈਆਂ ਹਨ। ਜਦੋ ਕਿ ਨੀਲੇ ਕਾਰਡ ਤੇ ਬੁਢਾਪਾ ਪੈਨਸ਼ਨਾ ਦੇ ਅਸਲੀ ਹੱਕਦਾਰ ਗਰੀਬ ਵਰਗਾਂ ਦੇ ਲੋਕ ਹਨ। ਵਧੀਆ ਘਰਾਂ ਤੇ ਕੋਠੀਆਂ ਵਿੱਚ ਰਹਿਣ ਵਾਲੇ ਲੋਕ ਨੀਲੇ ਕਾਰਡ ਬਣਾਕੇ ਸਰਕਾਰੀ ਡੀਪੂਆ ਤੋਂ ਰਾਸ਼ਨ ਲੈ ਰਹੇ ਹਨ ਅਤੇ ਬੁਢਾਪਾ ਪੈਨਸ਼ਨਾ ਦਾ ਲਾਭ ਲੈ ਰਹੇ ਹਨ। ਬੈਨੀਪਾਲ ਤੇ ਇਲਾਕਾ ਨਿਵਾਸੀਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਗਲਤ ਢੰਗ ਨਾਲ ਨੀਲੇ ਕਾਰਡ ਬਣਾ ਕੇ ਸਰਕਾਰ ਤੋਂ ਲਾਭ ਲੈ ਰਹੇ ਲੋਕਾਂ ਦੀ ਪੜਤਾਲ ਕਰਕੇ ਅਤੇ ਗਲਤ ਢੰਗ ਨਾਲ ਬੁਢਾਪਾ ਪੈਨਸ਼ਨਾ ਲੈ ਰਹੇ ਲੋਕਾਂ ਦੀ ਪੜਤਾਲ ਕਰਕੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਇਸ ਮੌਕੇ ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਜਾਗਰ ਸਿੰਘ, ਨੰਬਰਦਾਰ ਲਖਵੀਰ ਸਿੰਘ, ਤੇਜਿੰਦਰ ਸਿੰਘ, ਗੁਰਦੀਪ ਸਿੰਘ, ਕੁਲਵੀਰ ਸਿੰਘ ਢੀਂਡਸਾ, ਐਡਵੋਕੇਟ ਔਸ਼ਕ ਗਰਗ ਆਦਿ ਹਾਜਰ ਸਨ।

# ਡੇਰਾ ਸੈਦਪੁਰ ਮੁਖੀ ਸੰਤ ਬਾਬਾ ਸੁਭਾਸ਼ ਚੰਦਰ ਜੀ ਵਲੋਂ ਵਿਧਾਇਕ ਸ਼ੈਰੀ ਕਲਸੀ ਦਾ ਵਿਸ਼ੇਸ਼ ਸਨਮਾਨ



**ਅੰਮ੍ਰਿਤਸਰ/ਰਾਜਾ ਕੋਟਲੀ**

ਡੇਰਾ ਬਾਬਾ ਤੇਜਾ ਸਿੰਘ ਸੈਦਪੁਰ (ਰਾਧਾ ਸੁਆਮੀ) ਵਿਖੇ ਉਥੋਂ ਦੇ ਗੱਦੀਨਸ਼ੀਨ ਸੰਤ ਬਾਬਾ ਸੁਭਾਸ਼ ਚੰਦਰ ਜੀ ਕੋਲੋਂ ਵਿਧਾਨ ਸਭਾ ਹਲਕਾ ਬਟਾਲਾ ਦੇ 'ਆਪ' ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਆਸ਼ੀਰਵਾਦ ਲੈਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਡੇਰਾ ਮੁਖੀ ਵਲੋਂ ਸ਼ੈਰੀ ਕਲਸੀ ਅਤੇ ਨਿਰਮਲ ਸਿੰਘ ਪ੍ਰਧਾਨ ਬਲਾਕ ਬਟਾਲਾ-1 ਨੂੰ ਲੋਈ ਦੇ ਕੇ ਜਿਥੇ ਸਨਮਾਨਿਤ ਕੀਤਾ ਗਿਆ, ਉਥੇ ਹੀ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਜੋ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੇ ਵੱਡੀ ਗਿਣਤੀ ਵਿਚ ਸਮਰੱਥਨ ਦੇ ਕੇ ਬਣਾਈ ਹੈ, ਉਸ ਤੋਂ ਪੰਜਾਬ ਵਾਸੀਆ ਨੂੰ ਕਾਫੀ ਉਮੀਦਾਂ ਹਨ ਅਤੇ ਵਿਸ਼ੇਸ਼ਕਰ ਬਟਾਲਾ ਵਾਸੀਆਂ ਨੂੰ ਤੁਹਾਡੇ ਤੋਂ, ਜਿੰਨ੍ਹਾਂ ਨੇ ਤੁਹਾਨੂੰ ਵਿਧਾਇਕ ਬਣਾ ਕੇ ਵਿਧਾਨ ਸਭਾ ਵਿਚ ਭੇਜਿਆ ਹੈ, ਉਨ੍ਹਾਂ ਦੇ ਵਿਸ਼ਵਾਸ 'ਤੇ ਖਰਾ ਉੱਤਰਦੇ ਹੋਏ ਸਮੱਸਿਆਵਾਂ ਦਾ ਹੱਲ ਕਰਵਾਉਣਾ ਤੁਹਾਡੀ ਪਹਿਲਕਦਮੀ ਹੋਣੀ ਚਾਹੀਦੀ ਹੈ। ਇਸ ਮੌਕੇ ਸ਼ੈਰੀ ਕਲਸੀ ਨੇ ਡੇਰਾ ਮੁਖੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਨਿਮਾਣੇ ਜੋ ਸੰਤਾਂ ਦੇ ਆਸ਼ੀਰਵਾਦ ਸਦਕਾ ਲੋਕਾਂ ਦੇ ਮਿਲੇ ਪਿਆਰ ਨੇ ਵੱਡੀ ਜਿੱਤ ਦਰਜ ਕਰਵਾਈ ਹੈ, ਉਸ ਲਈ ਮੈਂ ਹਮੇਸ਼ਾ ਰਿਣੀ ਰਹਾਂਗਾ ਅਤੇ ਬਟਾਲਾ ਦੀ ਜਨਤਾ ਦੇ ਸੇਵਾ ਵਿਚ ਦਿਨ ਰਾਤ ਇਕ ਕਰ ਦਿਆਂਗਾ ਅਤੇ ਸੰਤ ਬਾਬਾ ਸੁਭਾਸ਼ ਚੰਦਰ ਸਿੰਘ ਜੀ ਵਲੋਂ ਦਿੱਤੇ ਆਸ਼ੀਰਵਾਦ ਸਦਕਾ ਹੀ ਉਹ ਹਰ ਮੰਜ਼ਿਲ ਸਰ ਕਰ ਸਕਦੇ ਹਨ, ਇਸ ਲਈ ਉਹ ਸਮੇਂ ਸਮੇਂ 'ਤੇ ਅਜਿਹੇ ਸੰਤਾਂ ਮਹਾਪੁਰਸ਼ਾਂ ਦੇ ਅਸ਼ੀਰਵਾਦ ਲਈ ਡੇਰਾ ਸੈਦਪੁਰ ਵਿਖੇ ਆਉਂਦੇ ਰਹਿਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਪਿਆਰਾ ਲਾਲ, ਸਰਬਜੀਤ ਸਿੰਘ ਫੈਜ਼ਪੁਰਾ, ਰਾਜ ਕੁਮਾਰ ਮੜ੍ਹੀਆਂਵਾਲ, ਠੇਕੇਦਾਰ ਹਰਜਿੰਦਰ ਸਿੰਘ, ਰਿੰਕੂ ਸ਼ਰਮਾ, ਪੂਰਨ ਸਿੰਘ, ਚਰਨ ਸਿੰਘ ਸੈਦਪੁਰ, ਸੁਰਿੰਦਰਪਾਲ ਗੋਰਾ, ਪ੍ਰਿੰਸ ਅਲੀਵਾਲ ਰੋਡ, ਹਰਪ੍ਰੀਤ ਹੈਰੀ, ਖਜ਼ਾਨ ਸਿੰਘ ਆਦਿ ਮੌਜੂਦ ਸਨ।

# ਸਾਬਕਾ ਵਿਧਾਇਕਾਂ ਨੂੰ ਇਕ ਤੋਂ ਵੱਧ ਪੈਨਸ਼ਨਾਂ ਬੰਦ ਕਰਨਾ ਸ਼ਲਾਘਾਯੋਗ : ਚੈਅਰਮੈਨ ਕਾਦਰਾਬਾਦ

## ਪੰਜਾਬ ਦੇ ਸਮੂਹ ਸਾਬਕਾ ਵਿਧਾਇਕਾਂ ਨੂੰ ਵੀ ਇਸ ਫੈਸਲੇ ਦੀ ਸਰਾਹਨਾ ਕਰਨੀ ਚਾਹੀਦੀ ਹੈ



**ਅੰਮ੍ਰਿਤਸਰ/ਰਾਜਾ ਕੋਟਲੀ**

ਪੰਜਾਬ ਦੇ ਨਵ ਨਿਯੁਕਤ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸਾਬਕਾ ਵਿਧਾਇਕਾਂ ਦੀ ਪੈਨਸ਼ਨ ਨੂੰ ਲੈ ਕੇ ਵੱਡਾ ਫੈਸਲਾ ਲਿਆ ਗਿਆ ਹੈ। ਇਕ ਵਿਧਾਇਕ ਇੱਕ ਪੈਨਸ਼ਨ ਨਿਯਮ ਲਾਗੂ ਕਰਨ ਦੇ ਕੀਤੇ ਫੈਸਲੇ ਦਾ ਸਭ ਨੂੰ ਸਵਾਗਤ ਕਰਨਾ ਚਾਹੀਦਾ ਹੈ।ਇਨ੍ਹਾਂ ਸਬਦਾਂ ਪ੍ਰਗਟਾਵਾ ਮਾਰਕੀਟ ਕਮੇਟੀ ਮਜੀਠਾ ਦੇ ਵਾਈਸ ਚੇਅਰਮੈਨ ਗੁਰਮੁੱਖ ਸਿੰਘ ਕਾਦਰਾਬਾਦ ਨੇ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਲਾਗੂ ਹੋਣ ਤੇ ਸੂਬਾ ਸਰਕਾਰ ਨੂੰ ਕਰੋੜਾਂ ਰੁਪਏ ਦੀ ਬੱਚਤ ਹੋਵੇਗੀ, ਜਿਸ ਨੂੰ ਕਿ ਉਹ ਵੱਖ ਵੱਖ ਭਲਾਈ ਸਕੀਮਾਂ ਵਾਸਤੇ ਵਰਤ ਸਕਦੇ ਹਨ।ਉਨ੍ਹਾ ਕਿਹਾ ਕਿ ਪੰਜਾਬ ਦੇ ਸਮੂਹ ਸਾਬਕਾ ਵਿਧਾਇਕਾਂ ਨੂੰ ਵੀ ਇਸ ਫੈਸਲੇ ਦੀ ਸਰਾਹਨਾ ਕਰਨੀ ਚਾਹੀਦੀ ਹੈ।ਇਸ ਮੌਕੇ ਕਰਮਜੀਤ ਸਿੰਘ ਢਿੱਲੋ,ਫੌਜੀ ਕਸਮੀਰ ਸਿੰਘ ਉਪਲ,ਸੁਖਵਿੰਦਰ ਸਿੰਘ ਸੁੱਖਾ ਕਾਦਰਾਬਾਦ ,ਰਣਦੀਪ ਸਿੰਘ ਦੀਪ,ਹਰਦੇਵ ਸਿੰਘ ,ਗੁਰਜੀਤ ਸਿੰਘ ,ਜਗਜੀਤ ਸਿੰਘ ,ਗੁਰਿੰਦਰ ਸਿੰਘ ,ਧਰਮਿੰਦਰ ਸਿੰਘ ,ਨਵਦੀਪ ਸਿੰਘ ,ਦਿਲਰਾਜ ਸਿੰਘ ਭੱਟੀ ,ਮੈਂਬਰ ਕੁਲਵਿੰਦਰ ਸਿੰਘ ਸੋਨੀ ,ਸੁਖਦੇਵ ਸਿੰਘ ,ਜੁਗਰਾਜ ਸਿੰਘ,ਕੁਲਦੀਪ ਸਿੰਘ ,ਆਦਿ ਹਾਜ਼ਰ ਸਨ।